ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On Visit on facebook

https://www.facebook.com/awazeqaumtv/videos/194895582124531/

You Tube https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 1 ਮਾਰਚ 2024 (ਨਾਨਕਸ਼ਾਹੀ ਸੰਮਤ : ੫੫੫, ੧੮ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਸੌਦਾ ਸਾਧ ਨੂੰ ਵਾਰ-ਵਾਰ ਪੈਰੋਲ ਮਿਲਣ 'ਤੇ ਹਾਈਕੋਰਟ ਸਖ਼ਤ, ਦਿੱਤੇ ਇਹ ਆਦੇਸ਼

**ਚੰਡੀਗੜ੍ਹ, 29 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸਾਧਵੀਆਂ ਨਾਲ ਜਿਨਸੀ ਸ਼ੋਸ਼ਣ ਅਤੇ 2 ਕਤਲ ਮਾਮਲਿਆਂ 'ਚ ਸਜ਼ਾ ਕੱਟ ਰਹੇ ਰਾਮ ਰਹੀਮ ਨੂੰ ਪੈਰੋਲ ਦੇਣ 'ਤੇ ਪੰਜਾਬ ਅਤੇ ਹਰਿਆਣਾ ਕੋਰਟ ਨੇ ਸਖ਼ਤੀ ਦਿਖਾਈ ਹੈ। ਹਾਈ ਕੋਰਟ ਨੇ ਵੀਰਵਾਰ ਨੂੰ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੇ ਜਾਣ ਨੂੰ ਲੈ ਕੇ ਕੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਨਾਲ ਹੀ ਇਹ ਵੀ ਕਿਹਾ ਹੈ ਕਿ ਬਿਨਾਂ ਮਨਜ਼ੂਰੀ ਡੇਰਾ ਮੁਖੀ ਨੂੰ ਅੱਗੇ ਪੈਰੋਲ ਨਾ ਦੇਣ। ਇਸ ਮਾਮਲੇ ਦੀ ਅਗਲੀ ਸੁਣਵਾਈ 13 ਮਾਰਚ ਨੂੰ ਹੋਵੇਗੀ। ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਹਾਈ ਕੋਰਟ ਨੇ ਹਰਿਆਣਾ ਸਰਕਾਰ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਸੀ ਕਿ ਉਹ ਇਸ ਮਾਮਲੇ 'ਚ ਜਵਾਬ ਦੇਣ ਤੋਂ ਕਿਉਂ ਬਚ ਰਹੀ ਹੈ। ਕਾਰਜਵਾਹਕ ਚੀਫ਼ ਜਸਟਿਸ ਰਿਤੂ ਬਾਹਰੀ ਦੀ ਬੈਂਚ ਨੇ ਹਰਿਆਣਾ ਸਰਕਾਰ ਤੋਂ ਪੁੱਛਿਆ ਸੀ ਕਿ ਜਿਸ ਤਰ੍ਹਾਂ ਸਮੇਂ-ਸਮੇਂ ਡੇਰਾ ਮੁਖੀ ਨੂੰ ਪੈਰੋਲ ਦਾ ਲਾਭ ਦਿੱਤਾ ਜਾ ਰਿਹਾ ਹੈ, ਉਸੇ ਤਰ੍ਹਾਂ ਦੂਜੇ ਕੈਦੀਆਂ ਨੂੰ ਵੀ ਇਹ ਲਾਭ ਦਿੱਤਾ ਜਾ ਰਿਹਾ ਹੈ ਜਾਂ ਨਹੀਂ? ਡੇਰਾ ਮੁਖੀ 'ਤੇ ਸਰਕਾਰ ਜ਼ਰੂਰਤ ਤੋਂ ਜ਼ਿਆਦਾ ਮਿਹਰਬਾਨ ਤਾਂ ਨਹੀਂ ਹੈ। ਅਜਿਹੇ 'ਚ ਦੱਸਿਆ ਜਾਵੇ ਕਿ ਕਿਹੜੇ ਕੈਦੀਆਂ ਨੂੰ ਇਸ ਤਰ੍ਹਾਂ ਲਗਾਤਾਰ ਪੈਰੋਲ ਮਿਲੀ ਹੈ। ਦੱਸਣਯੋਗ ਹੈ ਕਿ ਦੱਸਣਯੋਗ ਹੈ ਕਿ ਰਾਮ ਰਹੀਮ ਦੀ ਪੈਰੋਲ 10 ਮਾਰਚ ਨੂੰ ਖ਼ਤਮ ਹੋ ਰਹੀ ਹੈ ਅਤੇ ਉਸ ਦਿਨ ਹੀ ਡੇਰਾ ਮੁਖੀ ਨੂੰ ਸਰੰਡਰ ਕਰਨ ਲਈ ਕਿਹਾ ਹੈ। ਹਾਈ ਕੋਰਟ 'ਚ ਸੁਣਵਾਈ ਦੌਰਾਨ ਬੈਂਚ ਨੇ ਹਰਿਆਣਾ ਸਰਕਾਰ ਤੋਂ ਪੁੱਛਿਆ ਕਿ ਰਾਜ ਸਰਕਾਰ ਦੱਸੇ ਕਿ ਡੇਰਾ ਮੁਖੀ ਦੀ ਤਰ੍ਹਾਂ ਹੋਰ ਕਿੰਨੇ ਕੈਦੀਆਂ ਨੂੰ ਇਸੇ ਤਰ੍ਹਾਂ ਪੈਰੋਲ ਦਿੱਤੀ ਗਈ।

### ਬਿਆਨਾਂ ਨੇ ਛੇੜੀ ਚਰਚਾ

# ਅਕਾਲੀ ਦਲ ਦਾ ਭਾਜਪਾ ਨਾਲ ਨਹੀਂ ਹੋਵੇਗਾ ਗਠਜੋੜ !

**ਚੰਡੀਗੜ੍ਹ, 29 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਅੰਦੋਲਨ ਦਰਮਿਆਨ ਪਿਛਲੇ ਕੁਝ ਦਿਨਾਂ ਤੋਂ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਕਿਸਾਨਾਂ 'ਤੇ ਹੋਏ ਤਸ਼ੱਦਦ ਲਈ ਐੱਨ. ਡੀ. ਏ. ਅਤੇ 'ਇੰਡੀਆ' ਗਠਜੋੜ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ, ਉਸ ਤੋਂ ਬਾਅਦ ਸਿਆਸੀ ਹਲਕਿਆਂ 'ਚ ਚਰਚਾ ਹੋ ਰਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਅਜਿਹਾ ਮਹਿਸੂਸ ਹੋਣ ਲੱਗ ਪਿਆ ਹੈ ਕਿ ਭਾਜਪਾ ਨਾਲ ਗਠਜੋੜ ਕਰਨਾ ਨੁਕਸਾਨਦਾਇਕ ਸਿੱਧ ਹੋ ਸਕਦਾ ਹੈ। ਹਾਲਾਂਕਿ ਕੁਝ ਦਿਨ ਪਹਿਲਾਂ ਕਿਸਾਨ ਅੰਦੋਲਨ ਦੇ ਬਾਵਜੂਦ ਅਕਾਲੀ ਦਲ ਭਾਜਪਾ ਖ਼ਿਲਾਫ਼ ਬਚ ਕੇ ਬੋਲ ਰਿਹਾ ਸੀ। ਅਕਾਲੀ ਆਗੂਆਂ ਵਲੋਂ ਦਿੱਤੇ ਜਾ ਰਹੇ ਬਿਆਨਾਂ ਤੋਂ ਬਾਅਦ ਚਰਚਾ ਚੱਲ ਪਈ ਹੈ ਕਿ ਅਕਾਲੀ ਦਲ ਇਹ ਜ਼ਾਹਰ ਕਰਨ ਲੱਗ ਪਿਆ ਹੈ ਕਿ ਉਸ ਦਾ ਭਾਜਪਾ ਨਾਲ ਗਠਜੋੜ ਨਹੀਂ ਹੋ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਜਰਾ ਨੇ ਬਿਆਨ ਦਿੱਤਾ ਹੈ ਕਿ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਕਿਸਾਨਾਂ 'ਤੇ ਤਸ਼ੱਦਦ ਲਈ ਐੱਨ. ਡੀ. ਏ. ਅਤੇ 'ਇੰਡੀਆ' ਗਠਜੋੜ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕਾਰਨ ਕੇਂਦਰ ਅਤੇ ਕਿਸਾਨਾਂ ਵਿਚਕਾਰ ਗੱਲਬਾਤ ਸਿਰੇ ਨਹੀਂ ਚੜ੍ਹ ਸਕੀ। ਇਸ ਤੋਂ ਇਲਾਵਾ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਏਮਜ਼ ਬਠਿੰਡਾ ਦੇ ਉਦਘਾਟਨੀ ਸਮਾਰੋਹ ਦੌਰਾਨ ਕਿਸਾਨ ਅੰਦੋਲਨ ਦਾ ਮੁੱਦਾ ਚੁੱਕਿਆ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਆਨਲਾਈਨ ਜੁੜੇ ਸਨ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਬਿਆਨ ਦੇ ਚੁੱਕੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਸਮਝਦਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਹਰਿਆਣਾ ਅਤੇ ਕੇਂਦਰ ਸਰਕਾਰਾਂ ਨਾਲ ਮਿਲੀਭੁਗਤ ਕਰ ਕੇ ਨਿਰਦੋਸ਼ ਅਤੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਜ਼ਬਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਪੰਜਾਬ ਦੇ ਕਿਸਾਨਾਂ ਨਾਲ ਅਪਰਾਧੀਆਂ ਵਾਂਗ ਸਲੂਕ ਕਰਨ ਲਈ ਕੇਂਦਰ ਨਾਲ ਰਲ ਕੇ ਸਾਜ਼ਿਸ਼ ਰਚਣਾ ਬੰਦ ਕਰਨ ਅਤੇ ਡਾ. ਐੱਮ. ਐੱਸ. ਸਵਾਮੀਨਾਥਨ ਦੀ ਧੀ ਮਧੁਰਾ ਸਵਾਮੀਨਾਥਨ ਦੀ ਸਲਾਹ ਮੰਨਣੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਜਦੋਂ ਪੰਜਾਬ ਬਚਾਓ ਯਾਤਰਾ ਸ਼ੁਰੂ ਕੀਤੀ ਗਈ ਤਾਂ ਉਸ ਸਮੇਂ ਇਹ ਚਰਚਾ ਜ਼ੋਰਾਂ 'ਤੇ ਸੀ ਕਿ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਕੁਝ ਦਿਨਾਂ 'ਚ ਹੋਣ ਵਾਲਾ ਹੈ ਅਤੇ ਇਹ ਕਿਹਾ ਜਾ ਰਿਹਾ ਸੀ ਕਿ ਜੇ ਕਾਂਗਰਸ ਅਤੇ 'ਆਪ' ਦਾ ਗਠਜੋੜ ਹੋ ਸਕਦਾ ਹੈ ਤਾਂ ਅਕਾਲੀ ਭਾਜਪਾ ਦਾ ਵੀ ਗਠਜੋੜ ਹੋ ਸਕਦਾ ਹੈ।

## ਹਰਿਆਣਾ ਪੁਲਸ ਦੀ ਵੱਡੀ ਕਾਰਵਾਈ, ਰੱਦ ਕਰਵਾਏਗੀ ਅੰਦੋਲਨ 'ਚ ਸ਼ਾਮਲ ਕਿਸਾਨਾਂ ਦੇ ਵੀਜ਼ੇ ਤੇ ਪਾਸਪੋਰਟ



**ਚੰਡੀਗੜ੍ਹ, 29 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕੇਂਦਰ ਸਰਕਾਰ ਤੋਂ ਆਪਣੀਆਂ ਫ਼ਸਲਾਂ 'ਤੇ ਐੱਮ.ਐੱਸ.ਪੀ. ਦੀ ਗਾਰੰਟੀ ਲੈਣ ਲਈ ਕਿਸਾਨਾਂ ਵੱਲੋਂ ਦਿੱਲੀ ਵੱਲ ਕੂਚ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੂੰ ਰੋਕਣ ਲਈ ਹਰਿਆਣਾ ਸਰਕਾਰ ਵੱਲੋਂ ਕਾਫ਼ੀ ਸਖ਼ਤ ਕਦਮ ਉਠਾਏ ਜਾ ਰਹੇ ਹਨ। ਹਰਿਆਣਾ ਪੁਲਸ ਵੱਲੋਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲ਼ੇ ਸੁੱਟੇ ਜਾ ਰਹੇ ਹਨ, ਨਾਲ ਹੀ ਉਨ੍ਹਾਂ ਦੀ ਕੁੱਟਮਾਰ ਵੀ ਕੀਤੀ ਜਾ ਰਹੀ ਹੈ। ਇਸ ਦੌਰਾਨ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ ਕਿ ਹਰਿਆਣਾ ਸਰਕਾਰ ਕਿਸਾਨ ਅੰਦੋਲਨ ਦੌਰਾਨ ਹਿੰਸਾ 'ਚ ਸ਼ਾਮਲ ਕਿਸਾਨਾਂ ਖ਼ਿਲਾਫ਼ ਵੱਡੀ ਕਾਰਵਾਈ ਕਰਨ ਦੀ ਤਿਆਰੀ 'ਚ ਹੈ। ਜਾਣਕਾਰੀ ਮੁਤਾਬਕ ਹਰਿਆਣਾ ਪੁਲਸ ਅੰਦੋਲਨ 'ਚ ਹੁੜਦੰਗ ਕਰਨ ਵਾਲੇ ਕਿਸਾਨਾਂ ਦੇ ਪਾਸਪੋਰਟ ਤੇ ਵੀਜ਼ੇ ਰੱਦ ਕਰਵਾਉਣ ਦੀ ਤਿਆਰੀ ਕਰ ਰਹੀ ਹੈ। ਜਾਣਕਾਰੀ ਮੁਤਾਬਕ ਪਥਰਾਅ, ਹਿੰਸਾ ਤੇ ਹੋਰ ਹੁੜਦੰਗ ਮਚਾਉਣ ਵਾਲੇ ਕਿਸਾਨਾਂ ਦੀਆਂ ਵੀਡੀਓਜ਼ ਜਾਰੀ ਕਰ ਕੇ ਹਰਿਆਣਾ ਪੁਲਸ ਵੱਲੋਂ ਭਾਰਤੀ ਵਿਦੇਸ਼ ਮੰਤਰਾਲੇ ਨੂੰ ਚਿੱਠੀ ਲਿਖ ਕੇ ਉਨ੍ਹਾਂ ਦੇ ਵੀਜ਼ਾ ਤੇ ਪਾਸਪੋਰਟ ਰੱਦ ਕਰਨ ਦੀ ਮੰਗ ਕਰਦਿਆਂ ਚਿੱਠੀ ਲਿਖੀ ਗਈ ਹੈ। ਇਨ੍ਹਾਂ 'ਚ ਪਥਰਾਅ ਕਰਨ ਵਾਲੇ, ਸੀਸੀਟੀਵੀ ਕੈਮਰੇ ਤੋੜਨ ਵਾਲੇ, ਡਰੋਨ ਸੁੱਟਣ ਵਾਲੇ ਤੇ ਬੈਰੀਕੇਡ ਤੋੜਨ ਵਾਲੇ ਕਿਸਾਨ ਸ਼ਾਮਲ ਹਨ। ਲਿਖੀ ਗਈ ਚਿੱਠੀ 'ਚ ਕਿਸਾਨਾਂ ਦੇ ਲੱਗੇ ਹੋਏ ਵੀਜ਼ੇ ਵੀ ਰੱਦ ਕੀਤੇ ਜਾ ਸਕਦੇ ਹਨ। ਇਸ ਮਾਮਲੇ ਬਾਰੇ ਬੋਲਦਿਆਂ ਅੰਬਾਲਾ ਦੇ ਡੀ.ਐੱਸ.ਪੀ. ਜੋਗਿੰਦਰ ਸ਼ਰਮਾ ਨੇ ਕਿਹਾ, "ਅਸੀਂ ਪੰਜਾਬ ਤੋਂ ਹਰਿਆਣਾ ਆ ਕੇ ਹਿੰਸਾ ਕਰਨ ਵਾਲੇ ਕਿਸਾਨਾਂ ਸੀਸੀਟੀਵੀ ਤੇ ਡਰੋਨ ਕੈਮਰਿਆਂ ਰਾਹੀਂ ਪਛਾਣ ਕਰ ਲਈ ਹੈ। ਅਸੀਂ ਮੰਤਰਾਲੇ ਅਤੇ ਅੰਬੈਸੀ ਨੂੰ ਅਪੀਲ ਕਰਾਂਗੇ ਕਿ ਹਿੰਸਾ ਕਰਨ ਵਾਲੇ ਕਿਸਾਨਾਂ ਦੇ ਵੀਜ਼ੇ ਅਤੇ ਪਾਸਪੋਰਟ ਰੱਦ ਕੀਤੇ ਜਾਣ। ਉਨ੍ਹਾਂ ਦੀਆਂ ਤਸਵੀਰਾਂ, ਨਾਂ ਤੇ ਪਤੇ ਪਾਸਪੋਰਟ ਦਫ਼ਤਰ ਨਾਲ ਸਾਂਝੇ ਕਰ ਦਿੱਤੇ ਜਾਣਗੇ। ਅਸੀਂ ਉਨ੍ਹਾਂ ਦੇ ਪਾਸਪੋਰਟ ਰੱਦ ਕਰਵਾਉਣ ਲਈ ਕਾਰਵਾਈ ਕਰ ਰਹੇ ਹਾਂ।"

## ਟਾਂਡਾ 'ਚ ਰੇਲਵੇ ਫਾਟਕ ਨੇੜੇ ਹੋਇਆ ਬਲਾਸਟ, ਪੁਲਸ ਪ੍ਰਸ਼ਾਸਨ ਨੂੰ ਪਈਆਂ ਭਾਜੜਾਂ



**ਹੁਸ਼ਿਆਰਪੁਰ/ਟਾਂਡਾ, 29 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਪਠਾਨਕੋਟ ਰੇਲ ਮਾਰਗ ਤੇ ਪਿੰਡ ਪਲਾਂ ਚੱਕ 71 ਨੰਬਰ ਫਾਟਕ ਨੇੜੇ ਸਵੇਰੇ 11 .30 ਵਜੇ ਦੇ ਕਰੀਬ ਬਲਾਸਟ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਰੇਲਵੇ ਅਤੇ ਟਾਂਡਾ ਪੁਲਸ ਨੂੰ ਭਾਜੜਾ ਪੈਣ ਗਈਆਂ। ਇਸ ਦੇ ਨਾਲ ਹੀ ਪੂਰੇ ਇਲਾਕੇ 'ਚ ਸਨਸਨੀ ਫੈਲ ਗਈ। ਇਸ ਬਲਾਸਟ ਨਾਲ ਰੇਲਵੇ ਗੇਟਮੈਨ ਸੋਨੂੰ ਕੁਮਾਰ ਪੁੱਤਰ ਪ੍ਰਕਾਸ਼ ਚੰਦ ਵਾਸੀ ਉੱਤਰ ਪ੍ਰਦੇਸ਼ ਜ਼ਖ਼ਮੀ ਹੋ ਗਿਆ ਹੈ। ਉਸਦੀ ਲੱਤ 'ਤੇ ਸੋਜ ਆਉਣ ਕਾਰਨ ਉਸਨੂੰ ਖੁੱਡਾ ਦੇ ਨਿੱਜੀ ਕਲੀਨਿਕ 'ਚ ਮੁੱਢਲੀ ਮੈਡੀਕਲ ਮਦਦ ਦਿੱਤੀ ਗਈ। ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੇ ਰੇਲਵੇ ਪੁਲਸ ਅਤੇ ਟਾਂਡਾ ਪੁਲਸ ਦੇ ਅਧਿਕਾਰੀਆਂ ਨੇ ਮੁੱਢਲੀ ਜਾਂਚ ਤੋਂ ਬਾਅਦ ਦੱਸਿਆ ਹੈ ਕਿ ਇਹ ਬਲਾਸਟ ਬੇਹੱਦ ਹਲਕਾ ਸੀ ਅਤੇ ਪੁਟਾਸ਼ ਕਾਰਨ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਹੋ ਸਕਦਾ ਹੈ ਕਿ ਕਿਸੇ ਕਿਸਾਨ ਵੱਲੋਂ ਜੰਗਲੀ ਜਾਨਵਰਾਂ ਨੂੰ ਡਰਾਉਣ ਲਈ ਪਟਾਕੇ 'ਚ ਵਰਤੋਂ 'ਚ ਲਿਆਂਦਾ ਪੋਟਾਸ਼ ਇੱਥੇ ਕੋਈ ਪੰਛੀ ਚੁੱਕ ਲਿਆਇਆ ਹੋਵੇ। ਇਹ ਕੋਈ ਆਈ. ਈ. ਡੀ. ਬਲਾਸਟ ਨਹੀਂ ਸੀ। ਅਧਿਕਾਰੀਆਂ ਨੇ ਦੱਸਿਆ ਕਿ ਫਿਰ ਵੀ ਪੁਖਤਾ ਜਾਂਚ ਲਈ ਹਰ ਐਂਗਲ ਤੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਫੋਰੈਂਸਿਕ ਮਾਹਿਰਾਂ ਨੂੰ ਵੀ ਮੌਕੇ 'ਤੇ ਬੁਲਾਇਆ ਗਿਆ ਹੈ। ਫਿਲਹਾਲ ਸੁਰੱਖਿਆ ਕਾਰਨਾਂ ਕਾਰਨ ਜਲੰਧਰ ਪਠਾਨਕੋਟ ਰੇਲ ਮਾਰਗ 'ਤੇ ਰੇਲ ਆਵਾਜਾਹੀ ਬੰਦ ਕੀਤੀ ਗਈ ਹੈ। ਫ਼ਿਲਹਾਲ ਪੁਲਸ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

## ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦਾ ਹੋਇਆ ਅੰਤਿਮ ਸੰਸਕਾਰ, ਭੈਣਾਂ ਨੇ ਸਿਹਰਾ ਸਜਾ ਭਰਾ ਨੂੰ ਦਿੱਤੀ ਅੰਤਿਮ ਵਿਦਾਈ



**ਬਠਿੰਡਾ, 29 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਖਨੌਰੀ ਬਾਰਡਰ 'ਤੇ ਕਿਸਾਨੀ ਸੰਘਰਸ਼ ਦੌਰਾਨ ਮਾਰੇ ਗਏ ਨੌਜਵਾਨ ਸ਼ੁਭਕਰਨ ਸਿੰਘ ਦਾ ਅੱਜ ਉਸ ਦੇ ਜੱਦੀ ਪਿੰਡ ਬੁੱਲੋ ਵਿਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਅੰਤਿਮ ਸੰਸਕਾਰ ਤੋਂ ਪਹਿਲਾਂ ਸ਼ੁਭਕਰਨ ਸਿੰਘ ਦੀ ਮ੍ਰਿਤਕ ਦੇਹ ਨੂੰ ਕਿਸਾਨ ਆਗੂਆਂ ਵੱਲੋਂ ਐਂਬੂਲੈਂਸ ਰਾਹੀਂ ਖਨੌਰੀ ਬਾਰਡਰ 'ਤੇ ਅੰਤਿਮ ਦਰਸ਼ਨਾਂ ਲਈ ਲਿਜਾਇਆ ਗਿਆ ਸੀ, ਜਿੱਥੇ ਕਿਸਾਨਾਂ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਕਿਸਾਨੀ ਦੇ ਨਾਅਰੇ ਲਗਾਏ ਗਏ ਸਨ। ਅੰਤਿਮ ਦਰਸ਼ਨਾਂ ਤੋਂ ਬਾਅਦ ਸ਼ੁਭਕਰਨ ਸਿੰਘ ਦੀ ਮ੍ਰਿਤਕ ਦੇਹ ਨੂੰ ਉਸ ਦੇ ਜੱਦੀ ਪਿੰਡ ਬੁੱਲੋ ਵਿਚ ਲਿਜਾਇਆ ਗਿਆ, ਜਿੱਥੇ ਧਾਹਾਂ ਮਾਰ-ਮਾਰ ਰੋਂਦੀਆਂ ਭੈਣਾਂ ਨੇ ਭਰਾ ਦੇ ਸਿਰ 'ਤੇ ਸਿਹਰਾ ਸਜਾ ਕੇ ਅੰਤਿਮ ਵਿਦਾਈ ਦਿੱਤੀ। ਅਤਿ ਗਮਗੀਨ ਮਾਹੌਲ ਨੂੰ ਵੇਖ ਹਰ ਕਿਸੇ ਦੀ ਅੱਖ ਨਮ ਸੀ। ਇਸ ਦੌਰਾਨ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਲੋਕਾਂ ਵੱਲੋਂ ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ ਦੇ ਨਾਅਰੇ ਵੀ ਲਗਾਏ ਗਏ। ਦੱਸਣਯੋਗ ਹੈ ਕਿ ਬੀਤੀ ਦੇਰ ਰਾਤ ਖਨੌਰੀ ਸਰਹੱਦ 'ਤੇ ਮਾਰੇ ਗਏ ਕਿਸਾਨ ਸ਼ੁਭਕਰਨ ਸਿੰਘ ਦੀ ਲਾਸ਼ ਦਾ ਪੋਸਟਮਾਰਟਮ ਕਰਵਾਇਆ ਗਿਆ ਸੀ। ਸ਼ੁਭਕਰਨ ਦੀ ਮੌਤ ਦੇ ਮਾਮਲੇ ਵਿੱਚ ਪੰਜਾਬ ਪੁਲਸ ਨੇ ਪਟਿਆਲਾ ਦੇ ਪਾਤੜਾਂ ਥਾਣੇ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕੀਤਾ ਹੈ। ਕਿਸਾਨਾਂ ਅਤੇ ਪਰਿਵਾਰਕ ਮੈਂਬਰਾਂ ਦੀ ਸਹਿਮਤੀ ਤੋਂ ਬਾਅਦ ਰਾਤ 11 ਵਜੇ ਸ਼ੁਭਕਰਨ ਦੀ ਲਾਸ਼ ਦਾ ਪੋਸਟਮਾਰਟਮ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਕਿਸਾਨ ਅੰਦੋਲਨ ਦੌਰਾਨ ਬੀਤੇ ਦਿਨੀਂ ਖਨੌਰੀ ਬਾਰਡਰ 'ਤੇ ਮਾਰੇ ਗਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ 'ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਕਤ ਮਾਮਲੇ ਦੀ ਪੂਰੀ ਜਾਂਚ ਕੀਤੀ ਜਾਵੇਗੀ ਕਿ ਘਟਨਾ ਕਿੱਥੇ ਹੋਈ ਹੈ ਅਤੇ ਇਸ ਦੇ ਲਈ ਕੌਣ-ਕੌਣ ਜ਼ਿੰਮੇਵਾਰ ਹੈ। ਭਗਵੰਤ ਮਾਨ ਨੇ ਕਿਹਾ ਕਿ ਕਾਨੂੰਨੀ ਮਾਹਿਰਾਂ ਤੋਂ ਸਲਾਹ ਲੈਣ ਉਪਰੰਤ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਪੋਸਟਮਾਰਟਮ ਦੀ ਰਿਪੋਰਟ ਆਉਣ ਮਗਰੋਂ ਹੀ ਸ਼ੁਭਕਰਨ ਸਿੰਘ ਦੀ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇਗਾ। ਉਨ੍ਹਾਂ ਕਿਹਾ ਕਿ ਇਕ ਕਰੋੜ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਸ਼ੁਭਕਰਨ ਸਿੰਘ ਦੇ ਪਰਿਵਾਰ ਨੂੰ ਪਹਿਲਾਂ ਹੀ ਕੀਤਾ ਗਿਆ ਅਤੇ ਉਸ ਦੀ ਛੋਟੀ ਭੈਣ ਨੂੰ ਸਰਕਾਰੀ ਨੌਕਰੀ ਦੇਣ ਦਾ ਵੀ ਐਲਾਨ ਕੀਤਾ ਗਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਕੱਲ੍ਹ ਵਿਧਾਨ ਸਭਾ ਦਾ ਸੈਸ਼ਨ ਸ਼ੁਰੂ ਹੋਣ ਜਾ ਰਿਹਾ ਹੈ, ਜਿਸ ਵਿਚ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ।

## ਬਾਦਲਾਂ ਦੇ 'ਸੁੱਖ ਵਿਲਾਸ ਹੋਟਲ' 'ਤੇ ਮੁੱਖ ਮੰਤਰੀ ਮਾਨ ਦੇ ਹੁਣ ਤੱਕ ਦੇ ਵੱਡੇ ਖ਼ੁਲਾਸੇ, ਮੀਡੀਆ ਅੱਗੇ ਖੋਲ੍ਹੇ ਭੇਤ



**ਚੰਡੀਗੜ੍ਹ, 29 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੁੱਖ ਮੰਤਰੀ ਮਾਨ ਨੇ ਅਹਿਮ ਪ੍ਰੈੱਸ ਕੀਤੀ, ਜਿਸ ਦੌਰਾਨ ਵੱਡੇ ਬਾਦਲ ਪਰਿਵਾਰ ਦੇ 'ਸੁੱਖ ਵਿਲਾਸ ਹੋਟਲ' ਨੂੰ ਲੈ ਕੇ ਖ਼ੁਲਾਸੇ ਕੀਤੇ ਗਏ। ਉਨ੍ਹਾਂ ਨੇ ਸੁੱਖ ਵਿਲਾਸ ਹੋਟਲ ਬਾਰੇ ਬੋਲਦਿਆਂ ਕਿਹਾ ਕਿ ਇੱਥੇ ਇਕ ਰਾਤ ਦਾ ਕਿਰਾਇਆ 4 ਤੋਂ 5 ਲੱਖ ਵਿਚਕਾਰ ਹੈ ਅਤੇ ਹਰ ਕਮਰੇ ਪਿੱਛੇ ਪੂਲ ਹੈ। ਅਸਲ 'ਚ ਉਸ ਦਾ ਨਾ ਸੁੱਖ ਵਿਲਾਸ ਨਹੀਂ ਸਗੋਂ ਮੈਟਰੋ ਈਕੋ ਗਰੀਨ ਰਿਜ਼ੋਰਟ ਹੈ, ਜੋ ਕਿ ਮੋਹਾਲੀ ਜ਼ਿਲ੍ਹੇ ਦੇ ਪਿੰਡ ਪੱਲਣਪੁਰ 'ਚ ਹੈ। ਇਸ ਦੀ ਸ਼ੁਰੂਆਤ ਮੈਟਰੋ ਈਕੋ ਗਰੀਨ ਰਿਜ਼ੋਰਟ ਵਜੋਂ ਕੀਤੀ ਗਈ। ਜਦੋਂ 1985-86 'ਚ ਬਾਦਲ ਪਰਿਵਾਰ ਨੇ ਪੱਲਣਪੁਰ ਪਿੰਡ 'ਚ 86 ਕਨਾਲ 16 ਮਰਲੇ ਜ਼ਮੀਨ ਖ਼ਰੀਦੀ। ਇਹ ਜੰਗਲਾਤ ਦਾ ਇਲਾਕਾ ਹੈ ਅਤੇ ਇੱਥੇ ਨਿਰਮਾਣ ਕਾਰਜ ਨਹੀਂ ਹੋ ਸਕਦੇ। ਇਸ ਤੋਂ ਬਾਅਦ ਬਾਦਲਾਂ ਨੇ ਈਕੋ ਟੂਰਿਜ਼ਮ ਪਾਲਿਸੀ ਲਿਆਂਦੀ ਅਤੇ ਉਸ ਦੇ ਅਧੀਨ ਸੋਧ ਕਰ ਲਈ ਕਿ ਇੱਥੇ ਹੋਟਲ ਬਣ ਸਕਦਾ ਹੈ। ਇਸ ਦੇ ਨਾਲ-ਨਾਲ ਕਾਫੀ ਹੋਰ ਸੋਧਾਂ ਵੀ ਆਪਣੇ ਫ਼ਾਇਦੇ ਲਈ ਕਰ ਲਈਆਂ। ਇੱਥੇ ਪਹਿਲਾਂ ਬਾਦਲ ਪਰਿਵਾਰ ਦਾ ਪੋਲਟਰੀ ਫਾਰਮ ਸੀ, ਜਿਸ ਨੂੰ ਬਦਲ ਕੇ ਹੋਟਲ ਬਣਾਉਣ ਦੀ ਮਨਜ਼ੂਰੀ ਮਿਲ ਗਈ ਅਤੇ ਜਿਨ੍ਹਾਂ ਕੰਪਨੀਆਂ ਨੇ ਮਨਜ਼ੂਰੀ ਦਿੱਤੀ, ਉਹ ਵੀ ਬਾਦਲਾਂ ਦੀਆਂ ਹੀ ਸਨ। ਇਸ ਤੋਂ ਬਾਅਦ ਉਨ੍ਹਾਂ ਦੀ ਆਪਣੀ ਹੀ ਕੰਪਨੀ ਨੇ ਆਪਣੀ ਕੰਪਨੀ ਨੂੰ ਜ਼ਮੀਨ ਵੇਚ ਦਿੱਤੀ ਅਤੇ ਇਸ ਤਰ੍ਹਾਂ ਬਾਦਲਾਂ ਕੋਲ 20-21 ਕਿਲੇ ਜ਼ਮੀਨ ਇਕੱਠੀ ਹੋ ਗਈ। ਮੁੱਖ ਮੰਤਰੀ ਨੇ ਦੱਸਿਆ ਕਿ ਇਨ੍ਹਾਂ ਕੰਪਨੀਆਂ ਦੇ ਜ਼ਿਆਦਾਤਰ ਸ਼ੇਅਰ ਬਾਦਲ ਪਰਿਵਾਰ ਕੋਲ ਹਨ। ਸੁਖਬੀਰ ਬਾਦਲ ਕੋਲ 1 ਲੱਖ, 83 ਹਜ਼ਾਰ, 225 ਸ਼ੇਅਰ ਹਨ। ਹਰਸਿਮਰਤ ਕੌਰ ਬਾਦਲ ਕੋਲ 81 ਹਜ਼ਾਰ, 500 ਸ਼ੇਅਰ ਹਨ, ਜਿਨ੍ਹਾਂ ਦੀ ਕੀਮਤ 100 ਰੁਪਏ ਹਨ। ਹੋਟਲ ਨੂੰ ਬਣਾਉਣ ਦੀ ਪ੍ਰਕਿਰਿਆ 27-05-2013 ਨੂੰ ਸ਼ੁਰੂ ਹੋਈ। ਇਹ ਹੋਟਲ ਇਸ ਸਮੇਂ 'ਓਬਰਾਏ ਸੁੱਖ ਵਿਲਾਸ' ਦੇ ਨਾਂ 'ਤੇ ਚੱਲ ਰਿਹਾ ਹੈ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਜਿਹੜੇ 'ਪੰਜਾਬ ਬਚਾਓ ਯਾਤਰਾ' ਕਰ ਰਹੇ ਹਨ, ਉਨ੍ਹਾਂ ਨੇ ਪੰਜਾਬ ਨੂੰ ਬਹੁਤ ਚੂਨਾ ਲਾਇਆ ਹੈ। ਬਾਦਲਾਂ ਨੇ ਈਕੋ ਟੂਰਿਜ਼ਮ ਦੀ ਜਿਹੜੀ ਪਾਲਿਸੀ ਬਣਾਈ ਸੀ, ਉਸ 'ਚ ਸਿਰਫ ਬਾਦਲਾਂ ਦਾ ਹੀ ਹੋਟਲ ਆਇਆ, ਜਦੋਂ ਕਿ ਕੋਈ ਹੋਰ ਹੋਟਲ ਨਹੀਂ ਆਇਆ। ਬਾਦਲਾਂ ਨੇ 10 ਸਾਲਾਂ ਲਈ ਸੂਬੇ ਦਾ ਜੀ. ਐੱਸ. ਟੀ. ਅਤੇ ਵੈਟ ਟੈਕਸ ਵੀ ਮੁਆਫ਼ ਕਰਵਾ ਲਿਆ ਗਿਆ, ਜੋ ਕਿ ਕੁੱਲ 85 ਕਰੋੜ, 84 ਲੱਖ, 50 ਹਜ਼ਾਰ ਬਣਦਾ ਹੈ।




ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਯੋਗ ਅਗਵਾਈ 'ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਦੁਨਿਆਵੀ ਵਿਦਿਆ ਲਈ ਨਗਰ ਮਹਿਤਾ ਚੌਂਕ ਵਿਖੇ ਚੱਲ ਰਹੇ ਵੱਖ ਵੱਖ ਅਦਾਰਿਆਂ 'ਚ ਨਵੇਂ ਸਾਲ (2024) ਦੀਆਂ ਕਲਾਸਾਂ ਸ਼ੁਰੂ ਹਨ । ਨਵੇਂ ਵਿਦਿਆਰਥੀ ਦਾਖਲੇ ਲੈ ਕੇ ਦੁਨਿਆਵੀ ਅਤੇ ਧਾਰਮਿਕ ਵਿਦਿਆ ਪ੍ਰਾਪਤ ਕਰੋ ਜੀ।

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net


# ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਦੀ ਕਾਰਜਸ਼ੈਲੀ ਨੂੰ ਹੋਰ ਸੁਧਾਰਨ ਲਈ ਗੁਰਦਾਸਪੁਰ ਪੁਲਿਸ ਨੂੰ 14 ਹਾਈ-ਟੈੱਕ ਵਾਹਨ ਦਿੱਤੇ

**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 29 ਫਰਵਰੀ (ਕੁਲਜੀਤ ਸਿੰਘ ਖੋਖਰ** - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਹੋਰ ਸੁਚਾਰੂ ਬਣਾਉਣ ਲਈ ਪੰਜਾਬ ਪੁਲਿਸ ਦੀ ਕਾਰਜਸ਼ੈਲੀ ਸੁਧਾਰਨ ਵਾਸਤੇ 410 ਨਵੇਂ ਹਾਈ-ਟੈੱਕ ਵਾਹਨਾਂ ਦਿੱਤੇ ਗਏ ਹਨ ਜਿਨ੍ਹਾਂ ਵਿੱਚੋਂ 14 ਹਾਈ-ਟੈੱਕ ਵਾਹਨ ਜ਼ਿਲ੍ਹਾ ਪੁਲਿਸ ਗੁਰਦਾਸਪੁਰ ਨੂੰ ਮਿਲੇ ਹਨ। ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਹਰੀਸ਼ ਦਾਯਮਾ ਵੱਲੋਂ ਅੱਜ ਸਥਾਨਕ ਪੁਲਿਸ ਲਾਈਨ ਤੋਂ ਜ਼ਿਲ੍ਹਾ ਪੁਲਿਸ ਲਈ ਮਿਲੇ 14 ਹਾਈ-ਟੈੱਕ ਵਾਹਨਾਂ ਨੂੰ ਹਰੀ ਝੰਡੀ ਦਿਖਾ ਕੇ ਥਾਣਿਆਂ ਵੱਲ ਰਵਾਨਾ ਕੀਤਾ ਗਿਆ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਸ੍ਰੀ ਹਰੀਸ਼ ਦਾਯਮਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਗੁਰਦਾਸਪੁਰ ਦੇ 11 ਥਾਣਿਆਂ ਨੂੰ ਨਵੀਆਂ ਹਾਈ-ਟੈੱਕ ਮਹਿੰਦਰਾ ਸਕਾਰਪੀਓਜ਼ ਗੱਡੀਆਂ ਮਿਲੀਆਂ ਹਨ, ਜਦਕਿ 2 ਕੀਆ ਕਰੇਨਜ਼ ਗੱਡੀਆਂ ਪੀ.ਸੀ.ਆਰ. ਅਤੇ ਡਾਇਲ-112 ਲਈ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਔਰਤਾਂ ਦੀ ਸੁਰੱਖਿਆ ਲਈ ਇੱਕ ਟਾਟਾ ਟਿਆਗੋ ਈ.ਵੀ. (ਇਲੈਕਟ੍ਰਿਕ ਵਾਹਨ) ਮਹਿਲਾ ਮਿੱਤਰ ਪੁਲਿਸ ਨੂੰ ਮਿਲਿਆ ਹੈ। ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਹਰੀਸ਼ ਦਾਯਮਾ ਨੇ ਕਿਹਾ ਕਿ ਇਨ੍ਹਾਂ ਵਾਹਨਾਂ ਦੀ ਤਾਇਨਾਤੀ ਨਾਲ ਜ਼ਿਲ੍ਹੇ ਦੇ ਪੁਲਿਸ ਸਟੇਸ਼ਨਾਂ ਦੀ ਕਾਰਗੁਜ਼ਾਰੀ ਵਿੱਚ ਵੱਡਾ ਸੁਧਾਰ ਹੋਵੇਗਾ ਅਤੇ ਪੁਲਿਸ ਦੀ ਕਾਰਵਾਈ ਦਾ ਸਮਾਂ ਸੁਧਰੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਪੁਰਾਣੀਆਂ ਗੱਡੀਆਂ ਕਾਰਨ ਪੁਲਿਸ ਫੋਰਸ ਨੂੰ ਕੁਝ ਪਰੇਸ਼ਾਨੀ ਆਉਂਦੀ ਸੀ ਜੋ ਹੁਣ ਨਵੀਆਂ ਗੱਡੀਆਂ ਮਿਲਣ ਨਾਲ ਦੂਰ ਹੋ ਜਾਵੇਗੀ। ਉਨ੍ਹਾਂ ਨੇ ਇਸ ਉਪਰਾਲੇ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪੁਲਿਸ ਵਿਭਾਗ ਦੇ ਉੱਚ ਅਧਿਕਾਰੀਆਂ ਦਾ ਧੰਨਵਾਦ ਕੀਤਾ।


ਆਵਾਜ਼ਿ ਕੌਮ AWAZE QAUM
International Newspaper & WEB TV



24 SERVICE EVERYDAY HOURS
PURE AND NATURAL 100% VEGETARIAN PURE AND NATURAL
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ
www.damdamitaksal.net
੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write
PUNJABI

# ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਨੇ ਅੰਮ੍ਰਿਤਸਰ ਮੋਰਚੇ 'ਚ ਭਰੀ ਹਾਜ਼ਰੀ, ਅੰਮ੍ਰਿਤਪਾਲ ਸਿੰਘ ਦੇ ਮਾਤਾ-ਪਿਤਾ ਦਾ ਕੀਤਾ ਸਨਮਾਨ




## ਸਰਕਾਰਾਂ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ : ਰਣਜੀਤ ਸਿੰਘ ਦਮਦਮੀ ਟਕਸਾਲ

ਅੰਮ੍ਰਿਤਸਰ, 29 ਫਰਵਰੀ ( ): ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਤੇ ਸਾਥੀਆਂ ਦੀ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਪੰਜਾਬ ਤਬਦੀਲੀ ਕਰਵਾਉਣ ਅਤੇ ਐਨ.ਐਸ.ਏ ਹਟਵਾਉਣ ਲਈ ਸ੍ਰੀ ਅੰਮ੍ਰਿਤਸਰ ਵਿਖੇ ਸਾਰਾਗੜ੍ਹੀ ਸਰਾਂ ਕੋਲ ਲੱਗੇ ਮੋਰਚੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਵਰਪਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਨੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਸ. ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨਾਲ ਮੁਲਾਕਾਤ ਕੀਤੀ। ਮੋਰਚੇ 'ਚ ਪਹਿਲੇ ਦਿਨ ਤੋਂ ਹੀ ਸਰਗਰਮ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਵਰਪਾਲ ਦਾ ਧੰਨਵਾਦ ਕਰਦਿਆਂ ਮੋਰਚੇ ਦੀ ਸਾਰੀ ਸਥਿਤੀ ਤੋਂ ਜਾਣੂੰ ਕਰਵਾਇਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਰਲ਼ ਕੇ ਮੋਰਚੇ ਵਿੱਚ ਸਭ ਸੰਗਤਾਂ ਨੂੰ ਪੰਜ ਚੌਪਈ ਸਾਹਿਬ ਦੇ ਪਾਠ ਕਰਵਾਏ ਤੇ ਫਿਰ ਡਿਬਰੂਗੜ੍ਹ ਜੇਲ੍ਹ 'ਚ ਦਸ ਨਜ਼ਰਬੰਦ ਸਿੰਘਾਂ, ਅੰਮ੍ਰਿਤਸਰ ਜੇਲ੍ਹ 'ਚ ਤੀਹ ਨਜ਼ਰਬੰਦ ਸਿੰਘਾਂ ਅਤੇ ਮੋਰਚੇ 'ਚ ਵੀ ਭੁੱਖ ਹੜਤਾਲ 'ਤੇ ਬੈਠੇ ਮਾਪਿਆਂ ਦੀ ਚੜ੍ਹਦੀ ਕਲਾ, ਤੰਦਰੁਸਤੀ ਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ। ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਸ. ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਭੁਪਿੰਦਰ ਸਿੰਘ ਛੇ ਜੂਨ ਤੇ ਭਾਈ ਗੁਰਦੀਪ ਸਿੰਘ ਲੋਹਾਰਾ ਨੇ ਸਨਮਾਨ ਵੀ ਕੀਤਾ ਤੇ ਮੋਰਚੇ ਸਬੰਧੀ ਪੰਥਕ ਵਿਚਾਰਾਂ ਦੀ ਸਾਂਝ ਵੀ ਕੀਤੀ। ਉਹਨਾਂ ਇਹ ਵੀ ਕਿਹਾ ਕਿ ਭੁੱਖ ਹੜਤਾਲ ਕਾਰਨ ਜੇਲ੍ਹ 'ਚ ਸਿੰਘਾਂ ਦੀ ਸਿਹਤ ਵਿਗੜ ਸਕਦੀ ਹੈ ਤੇ ਜੇ ਸਿੰਘਾਂ ਨੂੰ ਕੁਝ ਹੋਇਆ ਤਾਂ ਇਸ ਦੀ ਜਿੰਮੇਵਾਰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਹੋਵੇਗੀ। ਸਰਕਾਰ ਆਪਣੇ ਘਟੀਆ ਮਨਸੂਬਿਆਂ ਤੋਂ ਬਾਜ ਆਵੇ। ਉਹਨਾਂ ਕਿਹਾ ਕਿ ਜੇਲ੍ਹ ਪ੍ਰਸ਼ਾਸ਼ਨ ਵਲੋਂ ਕੈਦੀਆਂ ਦੀਆਂ ਬੈਰਕਾਂ ਅਤੇ ਬਾਥਰੂਮ ਵਿੱਚ ਗੁਪਤ ਕੈਮਰੇ ਲਗਾ ਕੇ ਉਹਨਾਂ ਉੱਤੇ ਨਜ਼ਰ ਰੱਖਣ ਦਾ ਜੇਲ੍ਹ ਪ੍ਰਸ਼ਾਸ਼ਨ ਦਾ ਇਹ ਕਾਰਾ ਬਿਲਕੁਲ ਗ਼ੈਰ-ਕਾਨੂੰਨੀ ਅਤੇ ਗੋਪਨੀਯਤਾ ਦੇ ਅਧਿਕਾਰ ਦੀ ਉਲੰਘਣਾ ਹੈ। ਉਹਨਾਂ ਸੰਗਤ ਨੂੰ ਅਪੀਲ ਕੀਤੀ ਕਿ ਮੋਰਚੇ 'ਤੇ ਪੁੱਜ ਕੇ ਸਿੰਘਾਂ ਵਾਸਤੇ ਅਵਾਜ ਬੁਲੰਦ ਕੀਤੀ ਜਾਵੇ। ਭੁੱਖ ਹੜਤਾਲ 'ਤੇ ਬੈਠੇ ਪਰਿਵਾਰਾਂ ਦੀ ਸਿਹਤ ਨੂੰ ਵੀ ਖਤਰਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV










ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

# ਏਕ ਨੂਰ ਸਵੈ-ਸੇਵੀ ਸੰਸਥਾ ਰਜ਼ਿ:, ਪਠਲਾਵਾ

ਏਕ ਨੂਰ ਸਵੈ-ਸੇਵੀ ਸੰਸਥਾ ਰਜ਼ਿ: ਪਠਲਾਵਾ (ਸ਼.ਭ.ਸ. ਨਗਰ)

ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

## ਸਵ: ਸ: ਜੁਗਿੰਦਰ ਸਿੰਘ ਸੂਰਾਪੁਰੀ

(ਉਪ ਚੇਅਰਮੈਨ ਏਕ ਨੂਰ ਸਵੈ-ਸੇਵੀ ਸੰਸਥਾ ਪਠਲਾਵਾ) ਦੀ ਯਾਦ ਨੂੰ ਸਮਰਪਿਤ

# 26ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

## ਪ੍ਰੋਗਰਾਮ



ਪੰਮਾ ਡੂੰਮੇਵਾਲੀਆ

ਮਿਤੀ : 3 ਮਾਰਚ 2024, ਦਿਨ ਐਤਵਾਰ ।

ਸਮਾਂ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : ਸੰਯੋਗ ਕਮਿਊਨਿਟੀ ਹਾਲ, ਲਧਾਣਾ ਉੱਚਾ ।

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ

ਮੁੱਖ ਮਹਿਮਾਨ : **ਸ: ਇੰਦਰਬੀਰ ਸਿੰਘ** (ਆਈ.ਪੀ.ਐਸ.),
ਡੀ.ਆਈ. ਜੀ. ਐਡਮਨਿਸ਼ਟ੍ਰੇਸ਼ਨ ਪੀ.ਏ.ਪੀ. ਜਲੰਧਰ।

ਵਿਸ਼ੇਸ਼ ਮਹਿਮਾਨ:
- ਪਦਮ ਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਭਾਈ ਘਨੱਈਆ ਜੀ ਚੈਰੀਟੇਬਲ ਟਰੱਸਟ, ਯੂਨੀਕ ਹੋਮ, ਜਲੰਧਰ ।
- ਸ: ਪਿਆਰਾ ਸਿੰਘ ਨੂਰਪੁਰੀ ਕਨੇਡਾ ।
- ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਨਵਾਂਸ਼ਹਿਰ ।॥ ਬੀ.ਡੀ.ਸੀ. ਨਵਾਂਸ਼ਹਿਰ ।
- ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ।
- ਐਸ. ਅਸ਼ੋਕ ਭੌਰਾ ਜਨਰਾਲਿਸਟ (ਉਘੇ ਕਾਲਮ ਨਵੀਸ) ਯੂ.ਐਸ.ਏ. ।

ਸਨਮਾਨਿਤ ਸੰਸਥਾਵਾਂ ਅਤੇ ਸ਼ਖਸੀਅਤਾਂ :
ਭਾਈ ਘਨੱਈਆ ਜੀ ਸੇਵਕ ਦਲ ਜਾਡਲਾ (ਜੋੜਿਆਂ ਦੀ ਫਰੀ ਸੇਵਾ)
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।

ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

ਚਾਹ ਪਕੌੜਿਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ ।

ਵਿਸ਼ੇਸ਼ ਆਕਰਸ਼ਨ : ਪੰਜਾਬੀ ਗਾਇਕ ਸਮਾਜਿਕ ਪੱਖ ਨੂੰ ਉਭਾਰਨ ਵਾਲੇ, ਸੱਭਿਆਚਾਰ ਦੇ ਅਲੰਬਰਦਾਰ **ਪੰਮਾ ਡੂੰਮੇਵਾਲੀਆ** ਆਪਣਾ ਪ੍ਰੋਗਰਾਮ ਪੇਸ਼ ਕਰਨਗੇ ।

**ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।**

ਉਡੀਕਵਾਨ : ਸਮੂਹ ਆਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ, ਨਗਰ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਠਲਾਵਾ ।

ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ।
ਮੋਬਾ: 98153-48143, 98140-23547

ਆਵਾਜ਼ਿ ਕੌਮ AWAZE QAUM International Newspaper & WEB TV


THE GURBANI SCHOOL
THE GURBANI SCHOOL
ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ ਗੁਰਬਾਣੀ ਸਕੂਲ ਡਾਊਨਲੋਡ ਕਰੋ।
LEARN THE CORRECT PRONUNCIATION OF GURBANI IN THE CONVENIENCE OF YOUR OWN HOME
GET IT ON Google Play
Download on the App Store
12:47
THE GURBANI SCHOOL
Read Gurbani
Language & Preferences
About us
Feedback
Share app
ਆਵਾਜ਼ਿ ਕੌਮ AWAZE QAUM International Newspaper & WEB TV
INTERACTIVE LEARNING
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION
8
EIGHT PRAYERS AVAILABLE
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN
AUTO SCROLL GURBANI PLAYER
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION
ੳ A अ
MULTILINGUAL
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH

# ਇੰਟਰਨੈਸ਼ਨਲ ਪੰਥਕ ਦਲ ਦੇ ਸਾਰੇ ਅਹੁਦੇਦਾਰਾਂ ਸਾਹਿਬਾਨਾਂ, ਪ੍ਰਧਾਨ ਸਾਹਿਬਾਨਾਂ ਅਤੇ ਸਮੂਹ ਵਰਕਰ ਸਾਹਿਬਾਨਾਂ ਨੂੰ ਅਪੀਲ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਇੰਟਰਨੈਸ਼ਨਲ ਪੰਥਕ ਦਲ ਦੇ ਸਾਰੇ ਅਹੁਦੇਦਾਰਾਂ ਸਾਹਿਬਾਨਾਂ, ਪ੍ਰਧਾਨ ਸਾਹਿਬਾਨਾਂ ਅਤੇ ਸਮੂਹ ਵਰਕਰ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ, ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਜੀਆ ਦੇ ਹੁਕਮਾਂ ਅਨੁਸਾਰ ਮਿਤੀ 01-03-2024 ਦਿਨ ਸ਼ੁੱਕਰਵਾਰ ਟਾਈਮ ਸਵੇਰੇ 10 ਵਜੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਥੇਬੰਦੀ ਦੀ ਮੀਟਿੰਗ ਹੈ ਅਤੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਜੀ ਦੇ ਲੰਗਰਾਂ ਵਿੱਚ ਸੇਵਾ ਕਰਨੀ ਹੈ ਸਾਰੇ ਸਿੰਘਾਂ ਨੇ ਜਰੂਰ ਪਹੁੰਚਣਾ ਜੀ ਧੰਨਵਾਦ ਵੱਲੋਂ ਜਥੇਦਾਰ ਹਰਚੰਦ ਸਿੰਘ ਚਕਰ ਪੰਜਾਬ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ

Phone 9872725438




ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243



ਪੂਜਾ ਅਕਾਲ ਕੀ ਪਰਚਾ ਸ਼ਬਦ ਕਾ ਦੀਦਾਰ ਖਾਲਸੇ ਦਾ

ਸਾਲਾਨਾ ਧਾਰਮਿਕ ਦੀਵਾਨ

ਮਿਤੀ 1, 2, 3 ਮਾਰਚ 2024

ਗੁਰਦੁਆਰਾ ਸੰਗਤਸਰ ਸਾਹਿਬ ਪਿੰਡ ਚਾਂਦਪੁਰਾ

ਨੇੜੇ ਜਾਖਲ ਮੰਡੀ ਜ਼ਿਲ੍ਹਾ ਫਤਿਹਾਬਾਦ (ਹਰਿਆਣਾ)

ਸਮਾਂ: ਦੁਪਿਹਰ 12 ਤੋਂ 3 ਵਜੇ ਤੱਕ

ਅੰਮ੍ਰਿਤ ਸੰਚਾਰ 3 ਮਾਰਚ ਸਵੇਰੇ 10 ਵਜੇ ਹੋਵੇਗਾ ਜੀ।



ਧਾਰਮਿਕ ਦੀਵਾਨਾਂ ਵਿੱਚ ਬੇਅੰਤ ਸੰਤ ਮਹਾਂਪੁਰਖ ਸਿੱਖ ਸੰਗਤਾਂ ਦੇ ਦਰਸ਼ਨ ਦੀਦਾਰੇ ਕਰਨਗੇ

ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਪੰਥ ਪ੍ਰਸਿੱਧ ਸਿੱਖ ਪ੍ਰਚਾਰਕ

ਜਥੇਦਾਰ ਬਲਜੀਤ ਸਿੰਘ ਦਾਦੂਵਾਲ

ਮੈਂਬਰ ਅਤੇ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

LIVE ON ਆਵਾਜ਼ਿ ਕੌਮ AWAZE QAUM TV YouTube Jathedar Baljit Singh Khalsa Daduwal

ਨੋਟ: ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ

ਬੇਨਤੀ ਕਰਤਾ: ਸਮੂੰਹ ਨਗਰ ਅਤੇ ਇਲਾਕਾ ਨਿਵਾਸੀ ਸਾਧ ਸੰਗਤ, ਪਿੰਡ ਚਾਂਦਪੁਰਾ

ਵਧੇਰੇ ਜਾਣਕਾਰੀ ਲਈ: 81685-61160, 89018-17133, 98127-77238, 94683-94540, 87083-09026

ੴ ਸਤਿਗੁਰ ਪ੍ਰਸਾਦਿ ॥

ਜੇਹਾ ਚੀਰੀ ਲਿਖਿਆ, ਤੇਹਾ ਹੁਕਮੁ ਕਮਾਹਿ । ਘਲੇ ਆਵਹਿ ਨਾਨਕਾ, ਸਦੇ ਉਠਿ ਜਾਇ ॥

ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੁਜਨੀਕ ਪਿਤਾ ਜੀ



# ਸਵ: ਸ੍ਰ. ਮਲੂਕ ਸਿੰਘ ਵੜੈਂਚ ਜੀ

ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਿਤੀ 22 ਫਰਵਰੀ, 2024 ਦਿਨ ਵੀਰਵਾਰ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ । ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

## ਸ੍ਰੀ ਸਹਿਜ ਪਾਠ ਜੀ ਦੇ ਭੋਗ ਅਤੇ ਅੰਤਿਮ ਅਰਦਾਸ

**ਮਿਤੀ 2 ਮਾਰਚ, 2024 ਦਿਨ ਸ਼ਨੀਵਾਰ ਨੂੰ 11 ਵਜੇ ਤੋਂ 1 ਵਜੇ ਤੱਕ**

**ਸਥਾਨ ਰਾਮ ਮੁਹੰਮਦ ਸਿੰਘ ਅਜ਼ਾਦ ਕੰਪਲੈਕਸ, ਨਿਆਈ ਸਾਹਿਬ, ਸੁਨਾਮ**

ਵਿਖੇ ਹੋਵੇਗੀ । ਸੋ ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ ।

### ਦੁਖੀ ਹਿਰਦੇ

ਸ੍ਰ. ਗੁਰਨਾਮ ਸਿੰਘ ਵੜੈਂਚ (USA)
+1 415-596-9246, 78142-41845
ਸ੍ਰ. ਜਗਤਾਰ ਸਿੰਘ ਵੜੈਂਚ
ਸ੍ਰ. ਅਵਤਾਰ ਸਿੰਘ ਵੜੈਂਚ (USA)
ਸ੍ਰ. ਸੰਦੀਪ ਸਿੰਘ ਵੜੈਂਚ

**ਸਮੂਹ ਵੜੈਂਚ ਪਰਿਵਾਰ**
**ਨਾਨਕਾ ਝੱਬਰ ਪਰਿਵਾਰ**
ਮੋ: 98150-02761

ਸੰਘਰਸ਼ੀ ਯੋਧੇ ਭਾਈ ਗੁਰਨਾਮ ਸਿੰਘ ਵੜੈਚ (USA) ਪਿੰਡ ਸਿੰਘਪੁਰਾ ਨੇੜੇ ਸੁਨਾਮ ਜ਼ਿਲ੍ਹਾ ਸੰਗਰੂਰ ਦੇ ਸਤਿਕਾਰਯੋਗ ਪਿਤਾ ਸ, ਮਲੂਕ ਸਿੰਘ ਜਿਹੜੇ ਪਿਛਲੇ ਦਿਨੀਂ ਏਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ ਦੇ ਨਮਿਤ ਸ਼ਰਧਾਂਜਲੀ ਸਮਾਗਮ 2 ਮਾਰਚ 2024 ਨੂੰ ਹੇਠ ਦਿੱਤੇ ਪਤੇ ਤੇ ਹੋ ਰਿਹਾ ਹੈ,ਸੋ ਰਿਸ਼ਤੇਦਾਰ, ਮਿੱਤਰ, ਸਨੇਹੀਆਂ ਨੇ ਸਮੇਂ ਸਿਰ ਪਹੁੰਚ ਕੇ ਹਾਜ਼ਰੀ ਲਵਾਉਣ ਦੀ ਕ੍ਰਿਪਾਲਤਾ ਕਰਨੀ ਜੀ।

--★ ਬੇਨਤੀ ਕਰਤਾ ★--

**ਭਾਈ ਰਵਿੰਦਰ ਸਿੰਘ ਧਾਲੀਵਾਲ ਸਟੋਕਟਨ**
**ਭਾਈ ਸੁਰਿੰਦਰ ਸਿੰਘ ਠੀਕਰੀਵਾਲ**
**ਬਾਬਾ ਬਖਸੀਸ ਸਿੰਘ ਨਿਜ਼ਾਮਣੀਵਾਲ**
**ਭਾਈ ਜੱਸਾ ਸਿੰਘ ਮਾਣਕੀ**
**ਭਾਈ ਦਲੀਪ ਸਿੰਘ ਖੱਟੜਾ**

ਆਵਾਜ਼ਿ ਕੌਮ AWAZE QAUM
International Newspaper & WEB TV

# ਦਮਦਮੀ ਟਕਸਾਲ (ਜਥਾ ਭਿੰਡਰਾਂ ਮਹਿਤਾ) ਵੱਲੋਂ ਪ੍ਰਕਾਸ਼ਤ ਈਸਵੀ ਸੰਮਤ 2024 ਦਾ ਖਾਲਸਾ ਕੈਲੰਡਰ

ਅਸੀਂ ਤੋਪਾਂ ਦੇ ਆਸਰੇ ਲੋੜਦੇ ਨਹੀਂ, ਸਾਡੇ ਸਿਰ 'ਤੇ ਹੱਥ ਦਸ਼ਮੇਸ਼ ਦਾ ਹੈ ।
ਦੁਨੀਆਂ ਜਾਣਦੀ, ਖੇਡਣਾ ਖ਼ਤਰਿਆਂ ਨਾਲ, ਸਾਡੇ ਮਨ੍ਹਾਂ ਵਿਚ ਸ਼ੌਕ ਹਮੇਸ਼ਾਂ ਦਾ ਹੈ ।




## 2024

### ਜਨਵਰੀ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

### ਫ਼ਰਵਰੀ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | | |

### ਮਾਰਚ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| 31 | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

### ਅਪ੍ਰੈਲ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

### ਮਈ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

### ਜੂਨ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| 30 | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

### ਜੁਲਾਈ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

### ਅਗਸਤ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

### ਸਤੰਬਰ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

### ਅਕਤੂਬਰ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

### ਨਵੰਬਰ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

### ਦਸੰਬਰ

| ਐਤ | ਸੋਮ | ਮੰਗਲ | ਬੁਧ | ਵੀਰ | ਸ਼ੁਕਰ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

■ ਮੱਸਿਆ ■ ਸੰਗਰਾਂਦ ■ ਪੂਰਨਮਾਸ਼ੀ

### ਸਿੱਖ ਕੌਮ ਦੇ ਅਹਿਮ ਦਿਹਾੜੇ

6 ਜਨਵਰੀ ਸ਼ਹੀਦੀ ਦਿਹਾੜਾ ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ, 27 ਜਨਵਰੀ ਜਨਮ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਸ਼ਹੀਦ ਬਾਬਾ ਦੀਪ ਸਿੰਘ ਜੀ ਸ਼ਹੀਦੀ, 13 ਅਪ੍ਰੈਲ ਨਕਲੀ ਨਿਰੰਕਾਰੀ ਕਾਂਡ 'ਚ 13 ਸਿੰਘਾਂ ਦਾ ਸ਼ਹੀਦੀ ਦਿਹਾੜਾ, 6 ਘੱਲੂਘਾਰਾ ਦਿਵਸ (ਸਾਕਾ 1984) ਅਤੇ ਸ਼ਹੀਦੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ, ਸ਼ਹੀਦ ਭਾਈ ਅਮਰੀਕ ਸਿੰਘ ਜੀ, ਸ਼ਹੀਦ ਜਨਰਲ ਸੁਬੇਗ ਸਿੰਘ ਜੀ, ਬਾਬਾ ਠਾਹਰਾ ਸਿੰਘ ਜੀ ਤੇ ਹੋਰ ਬੇਅੰਤ ਸ਼ਹੀਦ ਸਿੰਘਾਂ-ਸਿੰਘਣੀਆਂ ਤੇ ਭੁਝੰਗੀਆਂ ਦਾ, 28 ਜੂਨ ਬਰਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ (ਮਹਿਤਾ), 16 ਅਗਸਤ ਬਰਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ, 10 ਅਕਤੂਬਰ ਬਰਸੀ ਸ਼ਹੀਦ ਭਾਈ ਹਰਜਿੰਦਰ ਸਿੰਘ ਜੀ ਜਿੰਦਾ ਤੇ ਭਾਈ ਸੁਖਦੇਵ ਸਿੰਘ ਜੀ ਸੁੱਖਾ, 31 ਅਕਤੂਬਰ ਬਰਸੀ ਸ਼ਹੀਦ ਭਾਈ ਬੇਅੰਤ ਸਿੰਘ ਜੀ, 13 ਨਵੰਬਰ ਸ਼ਹੀਦੀ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਬਾਬਾ ਦੀਪ ਸਿੰਘ ਜੀ, 2 ਦਸੰਬਰ ਸ਼ਹੀਦੀ ਦਮਦਮੀ ਟਕਸਾਲ ਦੇ ਦੂਸਰੇ ਮੁਖੀ ਬਾਬਾ ਗੁਰਬਖਸ਼ ਸਿੰਘ ਜੀ, 24 ਦਸੰਬਰ ਬਰਸੀ ਸੰਤ ਬਾਬਾ ਠਾਕੁਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਸਾਲਾਨਾ ਜੋੜ ਮੇਲਾ ।

### ਗੁਰਪੁਰਬ ਪੁਰਾਤਨ ਰਵਾਇਤ ਅਨੁਸਾਰ

| ਪਾਤਸ਼ਾਹੀ | ਅਵਤਾਰ | ਗੁਰਿਆਈ | ਜੋਤੀ ਜੋਤਿ |
|---|---|---|---|
| ਪਹਿਲੀ | 15 ਨਵੰਬਰ | ਪ੍ਰਕਾਸ਼ ਤੋਂ | 27 ਸਤੰਬਰ |
| ਦੂਜੀ | 9 ਮਈ | 22 ਸਤੰਬਰ | 12 ਅਪ੍ਰੈਲ |
| ਤੀਜੀ | 22 ਮਈ | 9 ਅਪ੍ਰੈਲ | 18 ਸਤੰਬਰ |
| ਚੌਥੀ | 19 ਅਕਤੂਬਰ | 16 ਸਤੰਬਰ | 6 ਸਤੰਬਰ |
| ਪੰਜਵੀਂ | 30 ਅਪ੍ਰੈਲ | 4 ਸਤੰਬਰ | 10 ਜੂਨ |
| ਛੇਵੀਂ | 22 ਜੂਨ | 31 ਮਈ | 13 ਅਪ੍ਰੈਲ |
| ਸੱਤਵੀਂ | 23 ਫ਼ਰਵਰੀ | 7 ਅਪ੍ਰੈਲ | 25 ਅਕਤੂਬਰ |
| ਅੱਠਵੀਂ | 29 ਜੁਲਾਈ | 25 ਅਕਤੂਬਰ | 22 ਅਪ੍ਰੈਲ |
| ਨੌਵੀਂ | 29 ਅਪ੍ਰੈਲ | 22 ਅਪ੍ਰੈਲ | 6 ਦਸੰਬਰ |
| ਦਸਵੀਂ | 17 ਜਨਵਰੀ | 4 ਦਸੰਬਰ | 6 ਨਵੰਬਰ |

- ਦਸਤਾਰ ਧਾਰਨ ਦਿਵਸ ਪਾਤਸ਼ਾਹੀ ਛੇਵੀਂ 16 ਜੁਲਾਈ
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ 4 ਸਤੰਬਰ
- ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਨੰਦੇੜ) 3 ਨਵੰਬਰ

### ਸਰਕਾਰੀ ਛੁੱਟੀਆਂ ਤੇ ਹੋਰ ਤਿਉਹਾਰ

ਜਨਵਰੀ ਲੋਹੜੀ 13, ਮੇਲਾ ਮਾਘੀ (ਮੁਕਤਸਰ ਸਾਹਿਬ) 14, ਪ੍ਰਕਾਸ਼ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ 17, ਗਣਤੰਤਰ ਦਿਵਸ 26, ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ 27, ਫ਼ਰਵਰੀ ਬਸੰਤ ਪੰਚਮੀ 14, ਜਨਮ ਦਿਵਸ ਗੁਰੂ ਰਵਿਦਾਸ ਜੀ 24 ਮਾਰਚ ਮਹਾਂ ਸ਼ਿਵਰਾਤਰੀ 8, ਹੋਲੀ 25, ਹੋਲਾ ਮਹੱਲਾ (ਸ੍ਰੀ ਅਨੰਦਪੁਰ ਸਾਹਿਬ) 26 ਅਪ੍ਰੈਲ ਈਦ-ਉਲ-ਫਿਤਰ 11, ਵਿਸਾਖੀ 13, ਜਨਮ ਦਿਨ ਡਾ. ਬੀ.ਆਰ. ਅੰਬੇਡਕਰ 14, ਰਾਮ ਨੌਮੀ 17, ਮਹਾਂਵੀਰ ਜੈਯੰਤੀ 21 ਮਈ ਮਹਾਤਮਾ ਬੁੱਧ ਜਯੰਤੀ 23 ਜੂਨ ਸ਼ਹੀਦੀ ਜੋੜ ਮੇਲਾ ਸ੍ਰੀ ਗੁਰੂ ਅਰਜਨ ਦੇਵ ਜੀ 10, ਈਦ-ਉਲ-ਜੁਹਾ (ਬਕਰੀਦ) 17, ਭਗਤ ਕਬੀਰ ਜੈਯੰਤੀ 22 ਜੁਲਾਈ ਸ਼ਹੀਦੀ ਸਰਦਾਰ ਊਧਮ ਸਿੰਘ ਜੀ ਸ਼ਹੀਦ 31 ਅਗਸਤ ਰੱਖੜੀ 19, ਆਜ਼ਾਦੀ ਦਿਵਸ 15, ਸ੍ਰੀ ਕ੍ਰਿਸ਼ਨ ਜਨਮਅਸ਼ਟਮੀ 26 ਸਤੰਬਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ (ਬਟਾਲਾ) 10, ਅਕਤੂਬਰ ਦੁਸਹਿਰਾ 12, ਮਹਾਂਰਿਸ਼ੀ ਬਾਲਮੀਕ ਜਯੰਤੀ 17 ਨਵੰਬਰ ਦੀਵਾਲੀ 1, ਵਿਸ਼ਵਕਰਮਾ ਦਿਵਸ 2, ਭਾਈ ਦੂਜ 3, ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ 15, ਸ਼ਹੀਦੀ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਬਾਬਾ ਦੀਪ ਸਿੰਘ ਜੀ ਸ਼ਹੀਦ 15 ਦਸੰਬਰ ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ 6, ਕ੍ਰਿਸਮਿਸ ਡੇ 25, ਸ਼ਹੀਦੀ ਜੋੜ ਮੇਲਾ ਸਰਹਿੰਦ (ਫ਼ਤਹਿਗੜ੍ਹ ਸਾਹਿਬ) 26-28

ਦਮਦਮੀ ਟਕਸਾਲ (ਜਥਾ ਭਿੰਡਰਾਂ ਮਹਿਤਾ) ਵਲੋਂ ਪ੍ਰਕਾਸ਼ਤ ਲਿਟਰੇਚਰ ਮਿਲਣ ਦਾ ਪਤਾ :



ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ (ਜਥਾ ਭਿੰਡਰਾਂ ਮਹਿਤਾ)

**ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼**
ਹੈੱਡ ਕੁਆਟਰ ਦਮਦਮੀ ਟਕਸਾਲ (ਜਥਾ ਭਿੰਡਰਾਂ ਮਹਿਤਾ), ਅੰਮ੍ਰਿਤਸਰ ।
ਫ਼ੋਨ 01853-256426, 6283023170
E-mail: info@damdamitaksal.net Website: www.damdamitaksal.net
damdamitaksalofficial

**ਗੁਰਮਤਿ ਸਾਹਿਤ ਸਦਨ**
ਨੋਟ : ਅੰਮ੍ਰਿਤਸਰ ਵਿਚ ਦਮਦਮੀ ਟਕਸਾਲ, ਮਹਿਤਾ ਦੀ ਆਪਣੀ ਇਹ ਹੀ ਦੁਕਾਨ ਹੈ
5, 6, 7 ਬ੍ਰਹਮ ਬੂਟਾ ਮਾਰਕੀਟ, ਸਾਹਮਣੇ ਗੁਰੂ ਰਾਮਦਾਸ ਸਰਾਂ, ਅੰਮ੍ਰਿਤਸਰ ।
ਫ਼ੋਨ : 81988-16191, 62830-23170
ਨੋਟ: ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਹਰ ਐਤਵਾਰ ਨੂੰ ਅੰਮ੍ਰਿਤ ਸੰਚਾਰ ਹੁੰਦਾ ਹੈ

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਨਗਰ ਕੀਰਤਨ ਕਾਜ਼ਲਮੋਰਾਨੋ

ਹੋਲੇ ਮਹੱਲੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਜਾਵੇਗਾ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਸਾਹਿਬ ਜੀ ਦਮਦਮੀ ਟਕਸਾਲ ਕਾਜ਼ਲਮੋਰਾਨੋ ਵਿਖੇ ਹੀ ਨਗਰ ਕੀਰਤਨ ਕੱਢਿਆ ਜਾਵੇਗਾ।

ਚੁਪਹਿਰੇ ਦੇ ਪਾਠਾਂ ਦੀ ਅਰੰਭਤਾ ਹਰ ਐਤਵਾਰ 6:30 ਤੋਂ 9:30 ਵਜੇ ਤੱਕ ਭੋਗ ਪੈਣਗੇ।

ਸ਼੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 22 ਮਾਰਚ ਸ਼ੁਕਰਵਾਰ 10:30 ਹੋਵੇਗੀ ਅਤੇ 24 ਐਤਵਾਰ 10:30 ਵਜੇ ਪੈਣਗੇ

☛ ਸ਼ੁੱਕਰਵਾਰ ਅਤੇ ਸਨੀਵਾਰ 23 ਮਾਰਚ ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ। ☛ ਐਤਵਾਰ 24 ਮਾਰਚ 2024 ਸਾਢੇ 10.30 ਵਜੇ ਤੋਂ 12:30 ਦੀਵਾਨ ਸਜਣਗੇ।

ਪ੍ਰਚਾਰਕ ਜਥੇ ਕਥਾ ਕੀਰਤਨ , ਕਵੀਸ਼ਰੀ,ਢਾਡੀ ਜਥੇ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ⋆ ਗੁਰੂ ਪੰਥ ਦੇ ਦਾਸਰੇ ⋆

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ਆਪਣਾ ਕੀਮਤੀ ਸਮਾਂ ਕੱਢ ਕੇ ਸ਼ਹੀਦੀ ਅਸਥਾਨ ਤੇ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

# ਸੁਨੇਹੇ



ਆਪਣਿਆਂ ਤੋਂ ਦੂਰ ਗਿਆਂ ਦੀ ਖਬਰਸਾਰ ਪਹਿਲਾਂ ਪਹਿਲ ਸਾਨੂੰ ਖਾਬਾਂ-ਖਿਆਲਾਂ, ਸੁਫਨਿਆ ਵਿੱਚ ਹੀ ਮਿਲਦੀ ਸੀ, ਫਿਰ ਸੁਨੇਹੇ ਭੇਜਣ ਦਾ ਅਰੰਭ ਹੋਇਆ ਪੁਰਾਤਨ ਸਮੇਂ 'ਚ ਸੁਨੇਹੇ ਪੰਛੀਆਂ ਦੀ ਮਦਦ ਨਾਲ ਦਰਖਤਾਂ ਦੇ ਪੱਤਿਆਂ ਉੱਪਰ ਲਿਖ ਕੇ ਭੇਜੇ ਜਾਂਦੇ ਸਨ, ਫਿਰ ਸੰਦੇਸ਼ ਵਾਹ-ਕਾ ਫਿਰ ਦੀ ਮੱਦਦ ਨਾਲ ਜ਼ੁਬਾਨੀ ਜਾਂ ਲਿਖਤੀ ਰੂਪ 'ਚ ਫਿਰ ਚਿੱਠੀਆਂ, ਖਤਾਂ ਦਾ ਦੌਰ ਸ਼ੁਰੂ ਹੋਇਆ ਫਿਰ ਟੈਲੀਗ੍ਰਾਮ, ਤਾਰ ਟੈਲੀਫੋਨ, ਈ-ਮੇਲ, ਫੈਕਸ, ਮੋਬਾਇਲ, ਟੈਕਸਕਟ ਮੈਸਜ, ਸਮਾਰਟ ਫੋਨਾਂ ਦੀਆਂ ਅਨੇਕਾਂ ਖੂਬੀਆਂ ਸਦਕਾ ਅੱਜ ਕੱਲ੍ਹ ਸੁਨੇਹੇ ਭੇਜੇ ਜਾਂਦੇ ਹਨ।

ਸਾਡੇ ਆਪਣੇ ਹਰਮਨ ਪਿਆਰਿਆਂ, ਰਿਸ਼ਤੇਦਾਰਾਂ, ਦਿਲਬਰਾਂ, ਸੱਜਣਾਂ, ਸਨੇਹੀਆਂ, ਦੋਸਤਾਂ, ਸੱਜਣਾਂ ਲਈ ਉਡੀਕ, ਫਿਕਰ ਅਤੇ ਇੰਤਜ਼ਾਰ ਸਾਡੇ ਦਿਲ ਵਿੱਚ ਬੇਸ਼ੁਮਾਰ ਹੁੰਦੈ। ਦਿਲ 'ਚ ਵਿੱਚ ਵਸੇਦਿਆਂ ਲਈ ਸਾਡੇ ਦਿਲ ਵਿੱਚ ਇਹ ਰੀਝ ਹੁੰਦੀ ਏ, ਕਿ ਬੱਸ ਉਹ ਸਾਡੀਆਂ ਅੱਖੀਆਂ ਸਾਹਵੇਂ ਓਦੋਂ ਤੱਕ ਬੈਠੇ ਰਹਿਣ ਜਿਨ੍ਹਾਂ ਚਿਰ ਸਾਡੀਆਂ ਨਬਜਾਂ, ਚਲਦੀਆਂ ਹਨ। ਉਹਨਾਂ ਦੇ ਇੱਕ ਪਲ ਅੱਖੋਂ ਓਹਲੇ ਹੁੰਦਿਆਂ ਹੀ ਸਾਡੇ ਦਿਲ ਦੀਆਂ ਧੜਕਣਾਂ ਤੇਜ਼ ਹੋ ਜਾਦੀਆਂ ਹਨ।

ਜੇ ਤੂੰ ਅੱਖੀਆਂ ਦੇ ਸਾਹਵੇਂ ਨੀ ਰਹਿਣਾ
ਤਾਂ ਬੀਬਾ ਸਾਡਾ ਦਿਲ ਮੋੜਦੇ...।

ਓਦੋਂ ਸਾਡੇ ਹੱਥ ਵਸ ਕੁਝ ਨਹੀਂ ਹੁੰਦਾ ਸਮਾਜ ਸਾਨੂੰ ਤੁਰੰਤ ਸ਼ੁਦਾਈ, ਪਾਗਲ, ਝੱਲੇ ਦਾ ਰੁਤਬਾ ਦੇ ਦਿੰਦੈ। ਆਪਣੇ ਹਰਦਿਲ ਅਜੀਜ ਦਾ ਦੂਰ ਜਾਣ ਦਾ ਸੁਨੇਹਾ ਸਾਡੀ ਰਾਤਾਂ ਦੀ ਨੀਂਦ ਉਡਾਕੇ ਰੱਖ ਦਿੰਦਾ ਏ

ਸਾਨੂੰ ਬੇਚੈਨ ਕਰਕੇ ਰੱਖ ਦਿੰਦਾ ਹੈ।
ਤੇਰੇ ਜਾਣ ਦਾ ਸੁਨੇਹਾ ਜਦੋਂ ਆਇਆਂ
ਮੇਰੀ ਸੋਚਾਂ ਵਿੱਚ ਰਾਤ ਲੰਘ ਗਈ
ਦਿਲਸ਼ਾਦ ਅਖਤਰ ਸਾਹਬ ਦੇ ਕੁਝ ਬੋਲ
ਨਦੀ ਕਿਨਾਰੇ ਬੁਲਬਲ ਬੈਠੀ ਦਾਣਾ
ਚੁਗਦੀ ਛੱਲੀ ਦਾ
ਦੂਰ ਵਸੇਦਿਆਂ ਸੱਜਣਾਂ ਵੇ ਆਜਾ
ਜੀ ਨੀ ਲੱਗਦਾ ਕੱਲੀ ਦਾ

ਪਰ ਸਾਡੇ ਹਰਮਨ ਪਿਆਰਿਆਂ ਅਜੀਜਾ ਦਿਲਬਰਾਂ ਦਾ ਹਰ ਪਲ ਸਾਡੀਆਂ ਅੱਖਾਂ ਸਾਹਵੇਂ ਬੈਠਣਾ ਸੰਭਵ ਨਹੀਂ ਰੋਜੀ ਰੋਟੀ ਸਮੇਂ ਦੇ ਨਾਲ ਚੱਲਣ ਰੁਜ਼ਗਾਰ ਦੀ ਭਾਲ ਲਈ ਜਿੰਦਗੀ 'ਚ ਕਾਮਯਾਬ ਹੋਣ ਲਈ ਸਾਨੂੰ ਅਪਣੇ ਜਜ਼ਬਾਤਾਂ ਭਾਵਨਾਵਾਂ ਨੂੰ ਕਾਬੂ ਕਰਨਾ ਪੈਂਦੈ, ਫਿਰ ਕਿਤੇ ਜਾ ਕੇ ਜਿੰਦਗੀ ਸੁਚਾਰੂ ਢੰਗ ਨਾਲ ਚਲਦੀ ਏ। ਆਪਣਿਆਂ ਤੋਂ ਦੂਰ ਹੁੰਦੇ ਹੋਏ ਵੀ ਸਾਡੇ ਦਿਲ 'ਚ ਉਹਨਾਂ ਬਾਰੇ ਪਲ-ਪਲ ਜਾਨਣ ਦੀ ਤਾਂਘ ਹਮੇਸ਼ਾ ਹੁੰਦੀ ਏ। ਸਾਡੀਆਂ ਨਜਰਾਂ ਸਾਡੇ ਤੋਂ ਦੂਰ ਗਏ ਆਪਣਿਆਂ ਦੇ ਸੁਨੇਹਿਆਂ ਦੀ ਉਡੀਕ 'ਚ ਹਮੇਸ਼ਾ ਘਰ ਦੇ ਦਰਵਾਜ਼ੇ ਵੱਲ ਰਹਿੰਦੀਆਂ ਹਨ ਹਵਾ ਦੇ ਬੁੱਲੇ ਨਾਲ ਖੜਕਿਆ ਦਰਵਾਜ਼ਾ ਵੀ ਆਪਣਿਆਂ ਦੇ ਸੁਨੇਹੇ ਦਾ ਭੁਲੇਖਾ ਪਾ ਜਾਂਦੈ।

ਐਵੇਂ ਚੰਦਰੇ ਜੇ ਆਉਂਦੇ ਨੇ ਖਿਆਲ
ਰੱਬਾ ਓਹਦੀ ਖੈਰ ਹੋਵੇ

ਸੱਜਣਾ ਦੇ ਦੇਸ਼, ਵਤਨ ਤੋਂ ਆਇਆ ਕੋਈ ਵੀ ਇਨਸਾਨ ਸੁਨੇਹਾ ਪੈਗਾਮ, ਸਾਡੀ ਰੂਹ ਨੂੰ ਉਮਰਾ ਦਾ ਸਕੂਨ ਦੇ ਜਾਂਦਾ ਏ।

ਪਾਲੀ ਦੇਤਵਾਲੀਆ ਜੀ ਦੇ ਕੁਝ ਬੋਲ
ਮੁਲਾਕਾਤ ਤੋ ਵੱਧ ਕੇ ਹੁੰਦੀ ਚਿੱਠੀ ਵਤਨਾ ਦੀ
ਮੱਥੇ ਦੇ ਨਾਲ ਚੁੰਮਕੇ ਲਾਈਏ ਮਿੱਟੀ ਵਤਨਾਂ ਦੀ

ਆਪਣਿਆਂ ਤੋਂ ਦੂਰ ਹੁੰਦਿਆਂ ਜੇ ਉਹਨਾਂ ਦੀ ਸੁੱਖ-ਸਾਂਦ ਦੀ ਖਬਰ ਸਾਰ ਸਾਨੂੰ ਮਿਲਦੀ ਰਹੇ ਤਾਂ ਸਾਡੀ ਜਿੰਦਗੀ ਸੁਖਾਲੀ ਲੰਘਦੀ ਰਹਿੰਦੀ ਹੈ। ਯੁਧਵੀਰ ਮਾਣਕ ਸਾਹਬ ਦੀਆਂ ਕੁਝ ਸਤਰਾਂ ਸੁਨੇਹੇ ਪ੍ਰਤੀ ਪਿਆਰ ਦਰਸਾਉਂਦੀਆਂ ਨੇ:

ਚਿੱਠੀਆਂ ਸਹਿਬਾਂ ਜੱਟੀ ਨੇ ਲਿਖ ਮਿਰਜੇ ਨੂੰ ਪਾਈਆਂ।
ਮਿਰਜੇ ਨੇ ਪੜ੍ਹ ਚਿਠੀਆਂ ਚੁੰਮ ਕੇ ਕਾਲਜੇ ਲਾਈਆਂ।

ਸੁਨੇਹਿਆਂ ਦੀ ਉਡੀਕ ਹਰ ਘਰ ਵਿੱਚ ਬੜੀ ਬੇਸਬਰੀ ਨਾਲ ਕੀਤੀ ਜਾਂਦੀ ਏ

ਹਰ ਭੈਣ ਦੇ ਸੁਨੇਹੇ ਦੀ ਉਡੀਕ ਭਰਾ,
ਪ੍ਰਦੇਸ ਫੌਜ 'ਚ ਗਏ ਪਤੀ ਦੇ ਸੁਨੇਹੇ ਦੀ ਪਤਨੀ ਨੂੰ।
ਹਰ ਪੁੱਤਰ ਦੇ ਸੁਨੇਹੇ ਦੀ ਓਡੀਕ ਮਾਂ ਨੂੰ।

ਚਿਠੀਏ ਨੀ ਚਿਠੀਏ ਹੰਝੂਆਂ ਨਾਲ ਲਿਖੀਏ
ਦੂਰ ਵਤਨਾਂ ਤੋਂ ਰਹਿੰਦਾ ਮੇਰਾ ਲਾਲ
ਆਖੀਂ ਮੇਰੇ ਸੋਹਣੇ ਪੁੱਤ ਨੂੰ
ਤੇਰੀ ਮਾਂ ਦਾ ਬੁਰਾ ਨੇ ਚੰਨਾ ਹਾਲ
ਆਖੀਂ ਮੇਰੇ ਸੋਹਣੇ ਪੁੱਤ ਨੂੰ।

ਜੀ ਵੀ ਉਸ ਜੀਅ ਨੂੰ ਕਹਿਣ ਨੂੰ ਤਾਂ ਕਰਦੈ ਜਿਹੜਾ ਜੀਅ ਜੀਅ ਨੂੰ ਚੰਗਾ ਲਗਦਾ ਹੋਵੇ

ਜਿਹੜਾ ਜੀਅ, ਜੀਅ ਨੂੰ ਚੰਗਾ ਲੱਗਦੈ ਉਸ ਦੇ ਭੁਲੇਖੇ ਸਾਨੂੰ ਚਹੁੰ ਪਾਸਿਓਂ ਪੈਂਦੇ ਨੇ ਉਸ ਦੇ ਆਏ ਸੁਨੇਹੇ ਚਿੱਠੀ 'ਚੋਂ ਵੀ ਸਾਨੂੰ ਉਸਦਾ ਦੀਦਾਰ ਹੋ ਜਾਂਦੈ

ਚਿੱਠੀ ਚਿੱਠੀ ਤਾਂ ਹਰ ਕੋਈ ਲਿਖਦਾ
ਪਰ ਮੇਰਾ ਮਾਹੀ ਚਿਠੀ ਇਓ ਲਿਖਦਾ
ਜਿਉਣ ਜੋਗੇ ਦਾ ਚਿੱਠੀ ਵਿਚੋਂ ਮੁੱਖ ਦਿਖਦਾ

ਪੁਰਾਣੇ ਸਮਿਆਂ ਵਿੱਚ ਆਉਣ ਵਾਲੇ ਸੁਨੇਹਿਆਂ ਨੂੰ ਸਾਂਭ ਕੇ ਰੱਖਣ ਦੀ ਰੀਤ ਸੀ ਨਵਾਂ ਸੁਨੇਹਾ ਨਾ ਆਉਣ ਦੀ ਸੂਰਤ 'ਚ ਪੁਰਾਣੇ ਸੁਨੇਹਿਆਂ ਨੂੰ ਪੜ੍ਹ-ਪੜ੍ਹ ਹੀ ਮਨ ਪ੍ਰਚਾਵਾ ਕੀਤਾ ਜਾਂਦਾ ਸੀ ਅਤੇ ਉਡੀਕ ਦੇ ਸਮੇ ਨੂੰ ਸੁਖਾਲਾ ਬਣਾ ਲਿਆ ਜਾਂਦਾ ਸੀ।

ਸੰਤਾ ਦੀ ਪੋਥੀ ਵਾਂਗੂ ਸਾਂਭੇ ਤੇਰੇ ਖਤ ਵੇ
ਧੂਫ ਬੱਤੀ ਕਰਾ ਨਾਲੇ ਬੁਰੀ ਵੱਜਾ ਘਰ ਚ
ਆਕੇ ਵੇਖ ਮੇਰਾ ਜਤ ਸਤ ਵੇ।

ਵਕਤ ਬਦਲਦਾ ਗਿਆ ਵਿਗਿਆਨ ਦੇ ਖੇਤਰ ਵਿੱਚ ਕ੍ਰਾਂਤੀ ਆਉਣ ਸਦਕਾ ਸੁਨੇਹੇ ਖਤਾਂ, ਚਿਠੀਆਂ, ਪੈਗਾਮਾਂ ਦੀ ਥਾਂ ਤਾਰ 'ਤੇ ਟੈਲੀਫੋਨ ਦੁਆਰਾ ਆਉਣੇ ਸ਼ੁਰੂ ਹੋ ਗਏ

ਸ਼ੁਰੂ-ਸ਼ੁਰੂ ਵਿਚ ਟੈਲੀਫੋਨ ਟਾਂਵੇ-ਟਾਂਵੇ ਲੋਕਾਂ ਦੀ ਪਹੁੰਚ ਵਿੱਚ ਹੁੰਦੇ ਸਨ।

ਏਸੇ ਲਈ ਪਾਇਆ ਤੈਨੂੰ ਖ਼ਤ ਸੱਜਣਾ।
ਸਾਡੇ ਪਿੰਡ ਹੈਨੀ ਟੈਲੀਫੋਨ ਸੋਹਣਿਆਂ।

ਟੈਲੀਫੋਨ ਦੀ ਬਹੁਤਾਤ ਹੋਣ ਸਦਕਾ ਚਿੱਠੀਆਂ, ਖਤਾਂ, ਟੈਲੀਗ੍ਰਾਮ ਦੁਆਰਾ ਆਉਣ ਵਾਲੇ ਸੁਨੇਹੇ ਨਾ ਮਾਤਰ ਹੀ ਰਹਿ ਗਏ ਏਨਾਂ ਦੀ ਥਾਂ ਹੁਣ ਟੈਲੀਫੋਨ ਦਾ ਦਬਦਬਾ ਵੱਧ ਗਿਆ ਸੀ ਹੁਣ ਸੱਜਣਾ, ਮਿੱਤਰਾਂ, ਸਨੇਹੀਆਂ ਦੇ ਟੈਲੀਫੋਨ ਰੂਪੀ ਸੁਨੇਹੇ ਦੀ ਉਡੀਕ ਬੜੀ ਬੇਸਬਰੀ ਨਾਲ ਕੀਤੀ ਜਾਣ ਲੱਗੀ। ਸਾਡੇ ਗੀਤ ਸੰਗੀਤ ਵਿੱਚ ਵੀ ਟੈਲੀਫੋਨ ਦਾ ਜਿਕਰ ਹੋਣ ਲੱਗਾ ਜਿਸਦਾ ਪ੍ਰਤੱਖ ਉਦਾਹਰਨ.

ਕਈ ਵੀਕ ਬੀਤ ਗਏ ਨੀ ਤੇਰਾ ਟੈਲੀਫੋਨ ਨੀ ਆਇਆ।
ਪਹਿਲਾਂ ਕਾਲ ਤੇਰੀ ਜਦ ਆਂਦੀ ਸੀ।
ਝੱਟ ਬੈੱਲ ਪਛਾਣੀ ਜਾਂਦੀ ਸੀ।
ਹਰ ਵਾਰੀ ਫੋਨ ਐੱਗੇਜ ਮਿਲੇ।
ਤੇਰਾ ਜਦ ਵੀ ਨੰਬਰ ਮਿਲਾਇਆ
ਕਈ ਵੀਕ ਬੀਤ ਗਏ ਨੀ ਕਦੇ ਤੇਰਾ ਟੈਲੀਫੋਨ ਨੀ ਆਇਆ।
ਅੱਜ ਸੱਜਣਾਂ ਦੀ ਆਈ ਏ ਕਾਲ ਜਲੰਧਰ ਤੋਂ।
ਮੁੱਦਤ ਮਗਰੋਂ ਪੁਛਿਆ ਏ ਓਨ੍ਹਾਂ ਹਾਲ ਜਲੰਧਰ ਤੋਂ
ਟੈਲੀਫੋਨ ਦਾ ਸਾਡੇ ਜੀਵਨ ਵਿਚ ਲੰਮਾ ਸਮਾ
ਪ੍ਰਭਾਵ ਰਿਹੈ।

ਪਰ ਹੁਣ ਟੈਲੀਫੋਨ ਦੀ ਥਾਂ ਸੁਨੇਹਿਆਂ ਦਾ ਅਦਾਨ-ਪ੍ਰਦਾਨ ਕਰਨ ਦੀ ਜਿੰਮੇਵਾਰੀ ਮੁਬਾਇਲ ਨੇ ਲੈ ਲਈ ਹੈ, ਜਿਸ ਨਾਲ ਪਲਕ ਝਪਕਦਿਆਂ ਹੀ ਅਸੀਂ ਇੱਕ ਦੂਜੇ ਨਾਲ ਗੱਲਬਾਤ ਕਰ ਸਕਦੇ ਹਾਂ। ਮੁਬਾਇਲ ਸਾਡੇ ਜੀਵਨ ਦਾ ਸਭ ਤੋਂ ਵੱਧ ਜਰੂਰੀ ਹਿੱਸਾ ਬਣ ਗਿਆ ਹੈ। ਮੁਬਾਇਲ ਸਾਡੇ ਆਪਣਿਆਂ ਦੀ ਖਬਰ ਸਾਰ ਸੁੱਖ-ਸਾਂਦ ਦੀ ਖਬਰ ਤਾਂ ਜ਼ਰੂਰ ਸਾਨੂੰ ਤੁਰੰਤ ਦੇ ਦਿੰਦੈ ਪਰ ਇਸ ਨੇ ਸਾਨੂੰ ਆਪਣਿਆਂ ਤੋਂ ਦੂਰ ਕਰ ਦਿੱਤਾ। ਸਾਰੇ ਪਰਿਵਾਰਕ ਮੈਂਬਰ ਆਪਣੇ-ਆਪਣੇ ਮੁਬਾਇਲ ਫੋਨ ਵਿੱਚ ਰੁੱਝੇ ਰਹਿੰਦੇ ਹਨ। ਜਿੰਨੇ ਪਰਿਵਾਰ ਦੇ ਮੈਂਬਰ ਹਨ, ਓਨੇ ਹੀ ਪਰਿਵਾਰ 'ਚ ਮੋਬਾਈਲ ਅਸੀ ਆਪਣੇ ਕੋਲ ਬੈਠੇ ਰਿਸ਼ਤੇਦਾਰਾਂ ਨੂੰ ਅੱਖੋਂ ਪਰੋਖੇ ਕਰਨ ਲੱਗੇ ਹਾਂ। ਕਹਿੰਦੇ ਨੇ "ਦੂਰ ਦਾ ਪਿਆਰ÷,

÷ਨੇੜੇ ਦਾ ਨਿਘਾਰ÷

ਜਿਹੜੇ ਦੋਸਤ, ਮਿੱਤਰ ਸਾਡੇ ਆਨ-ਲਾਈਨ ਬਣੇ ਹਨ ਉਹ ਸਾਨੂੰ ਜਿਆਦਾ ਪਿਆਰੇ ਨੇ ਅੱਜਕੱਲ੍ਹ ਸਾਨੂੰ ਵਰਚੁਅਲ ਸੰਸਾਰ ਜਿਆਦਾਤਰ ਮੋਹਦੈ। ਬਦਲਦੇ ਵਿਗਿਆਨਕ ਯੁੱਗ ਨਾਲ ਸਮਾਰਟ ਫੋਨ ਹੋਂਦ ਵਿੱਚ ਆ ਗਿਆ ਹੈ। ਸੁਨੇਹਿਆਂ ਨੂੰ ਭੇਜਣ ਦੇ ਹੋਰ ਕਈ ਲਾਜਵਾਬ ਢੰਗ ਸਾਡੇ ਜੀਵਨ 'ਚ ਲਿਆਂਦੇ ਨੇ ਸਮਾਰਟ ਫੋਨ ਵਿਚ ਈ-ਮੇਲ, ਫੇਸਬੁੱਕ, ਇਨੰਸਟਾਗਰਾਮ, ਸਨੈਪ ਚੈਟ, ਵਰਗੀਆਂ ਨਵੀਆਂ ਖੂਬੀਆਂ ਹਨ ਜਿਨ੍ਹਾਂ ਦੀ ਮਦਦ ਨਾਲ ਅਸੀ ਹਜਾਰਾਂ ਮੀਲ ਦੂਰ ਬੈਠੇ ਸੱਜਣਾਂ ਦੋਸਤਾ ਸਨੇਹੀਆਂ, ਰਿਸ਼ਤੇਦਾਰਾ ਨੂੰ ਆਪਣੇ ਕੋਲ ਬੈਠੇ ਮਹਿਸੂਸ ਕਰ ਉਨ੍ਹਾਂ ਨਾਲ ਗੱਲਾਂ ਕਰ ਸਕਦੇ ਹਾ। ਪਹਿਲਾਂ ਪਹਿਲ ਫੇਸਬੁੱਕ ਦਾ ਉਪਯੋਗ ਸ਼ੁਰੂ ਹੋਇਆ ਭਾਰਤ 'ਚ ਮਲਟੀਮੀਡੀਆ ਫੋਨ ਵਰਤਣ ਵਾਲੇ ਹਰੇਕ ਨਾਗਰਿਕ ਦਾ ਲਗਭਗ ਫੇਸਬੁੱਕ ਖਾਤਾ ਬਣਿਆ ਹੋਇਆ ਸੀ ਗਾਇਕ ਕਮਲਹੀਰ ਸਾਹਬ ਦੇ ਗੀਤ ਦੀਆਂ ਇਹ ਸਤਰਾਂ ਇਸ ਗੱਲ ਦੀ ਗਵਾਹੀ ਭਰਦੀਆ ਹਨ।

ਰਾਤੀਂ ਉਹਦੀ ਫੋਟੋ ਦੇਖੀ, ਫੇਸਬੁੱਕ ਤੇ ਮੈਂ।

ਲੋੜ ਹੈ ਇੰਨ੍ਹਾ ਦੀ ਸੁਚੱਜੀ ਵਰਤੋਂ ਦੀ ਨਾ ਕਿ ਇਨ੍ਹਾਂ ਦੇ ਗੁਲਾਮ ਹੋਣ ਦੀ।

ਅੱਜ ਕੱਲ ਸੁਨੇਹੇ ਲਈ ਵਟਸਐਪ ਦੀ ਵਰਤੋਂ ਸਭਤੋਂ ਜਿਆਦਾ ਕੀਤੀ ਜਾਂਦੀ ਹੈ।

ਗੱਲਾਂ ਪੱਚੀਆ ਗਰੁੱਪਾਂ ਵਿੱਚ ਹੋਣ ਤੇਰੀਆਂ।
ਲੱਕੀ ਲਿਖਤਾਂ (ਵਟਸਐਪ) 'ਚ ਅੱਜਕੱਲ ਲਿਖੇ।

ਜਿਹੜੀਆਂ ਸਮਾਰਟ ਫੋਨ ਦੇ ਸਾਡੇ ਜੀਵਨ ਆਉਣ ਨਾਲ ਸੁਨੇਹਿਆਂ ਦਾ ਤਰੀਕਾ ਤਾ ਜਰੂਰ ਬਦਲ ਗਿਆ ਹੈ ਪਰ ਇਸ ਦੀ ਵਰਤੋਂ ਨੇ ਸਾਡੀ ਸਹਿਣਸ਼ੀਲਤਾ ਲਗਭਗ ਖਤਮ ਕਰ ਦਿਤੀ ਹੈ। ਇਕ ਸੈਕਿੰਡ ਜਵਾਬ ਨਾ ਆਉਣ 'ਤੇ ਅਸੀਂ ਨਰਾਜ ਹੋ ਜਾਂਦੇ ਹਾਂ ਪਅਤੇ ਨੰਬਰ ਬਲੋਕ ਕਰਕੇ ਸਾਲਾਂ ਤੋਂ ਚੱਲੀ ਆ ਰਹੀ ਦੋਸਤੀ, ਮਿੱਤਰਤਾ ਖਤਮ ਕਰ ਦਿੰਦੇ ਹਾਂ।

ਮੋਬਾਈਲ ਸਾਨੂੰ ਸਾਡੇ ਅਸਲੀ ਸੰਸਾਰ ਤੋਂ ਮੀਲਾਂ ਦੂਰ ਲਿਜਾ ਰਿਹੈ, ਸਾਡਾ ਵਿਸ਼ਵਾਸ ਇਕ ਦੂਜੇ ਪ੍ਰਤੀ ਖਤਮ ਕਰ ਰਿਹੈ। ਅਸੀਂ ਉਹ ਗੁਆਉਣ ਤੋਂ ਡਰਦੇ ਹਾਂ ਜੋ ਸਾਨੂੰ ਕਦੇ ਨਹੀਂ ਮਿਲਿਆ।

ਜਿਸ ਨੂੰ ਅਸੀਂ ਕਦੇ ਦੇਖਿਆ ਹੀ ਨਹੀਂ ਉਸ ਨੂੰ ਰੱਬ ਮੰਨ ਲੈਂਦੇ ਹਾਂ।

ਕਿਸੇ ਅਣਪਛਾਤੇ ਸ਼ਖਸ ਨੂੰ ਇਕ ਦਿਨ ਮਿਲਣ ਦੀ ਇੱਛਾ ਕਦੇ-ਕਦੇ ਮੈਂ ਉਸ ਨੂੰ ਦੇਖਣਾ ਚਾਹੁੰਦਾ ਹਾਂ,

ਦਿਲ ਵਿਚ ਬੇਚੈਨੀ ਹੈ ਹੋ ਜਾਂਦੀ ਹੈ ਉਸ ਦਾ ਇਕ ਇਕ ਸ਼ਬਦ ਸੁਣ ਕੇ,
ਜੇਕਰ ਉਹ ਮੈਸੇਜ ਨਹੀਂ ਕਰਦਾ, ਤਾਂ ਮੈਂ ਇਕੱਲਾ ਮਹਿਸੂਸ ਕਰਦਾ ਹਾਂ।

ਜਦੋਂ ਮੈਨੂੰ ਉਸਦਾ ਫੋਨ ਨਹੀ ਆਉਂਦਾ ਹੈ, ਮੇਰਾ ਦਿਲ ਉਦਾਸੀ ਨਾਲ ਭਰ ਜਾਂਦਾ ਹੈ।

ਦਿਲ ਵਿਚ ਸਵਾਲ ਹੈ ਕਿ ਅਸੀਂ ਕਦੋਂ, ਕਿੱਥੇ ਅਤੇ ਕਿਵੇਂ ਮਿਲਾਂਗੇ ?

ਇਨ੍ਹਾਂ ਨੂੰ ਮਗਰ ਵਖਤ ਖਰਾਬ ਕਰਨ ਦੀ ਬਜਾਏ ਸਾਨੂੰ ਅਸਲ ਸੰਸਾਰ 'ਚ ਜਿਉਣਾ ਚਾਹੀਦੈ ਕਿਉਂਕਿ ਇੰਨਾ ਦੀ ਭਾਲ ਵਖ਼ਤ ਬਚਾਉਣ ਲਈ ਕੀਤੀ ਗਈ ਸੀ ਨਾ ਕਿ ਜਾਇਆ ਕਰਨ ਲਈ।

ਅੱਜਕੱਲ੍ਹ ਪਿਆਰ ਅਤੇ ਨਫਰਤ ਆਨ ਲਾਈਨ ਹੀ ਸ਼ੁਰੂ ਹੋ ਕੇ ਆਨ ਲਾਈਨ ਹੀ ਖਤਮ ਹੋ ਜਾਂਦੇ ਹਨ। ਅੱਜਕੱਲ੍ਹ ਸੋਗ ਸੁਨੇਹੇ ਖੁਸ਼ੀਆਂ ਮੌਕੇ ਵਧਾਈਆਂ ਦੇਣ ਦਾ ਕੰਮ ਵੀ ਆਨ ਲਾਈਨ ਕਰਕੇ ਹੀ ਸਭ ਆਪਣਾ ਫਰਜ ਨਿਭਾਉਣ ਲੱਗੇ ਹਨ। ਮੁਬਾਇਲ ਨੇ ਇੱਕ ਦੂਜੇ ਦੇ ਘਰ ਜਾ ਕੇ ਦੁਖ ਸੁਖ ਸਾਂਝਾ ਕਰਨ ਦੀ ਰਿਵਾਇਤ ਵੀ ਖਤਮ ਕਰ ਦਿਤੀ ਹੈ। ਦੁੱਖ ਮੌਕੇ ਰਿਪ, ਸੋ ਸੈਡ, ਸੁੱਖ ਮੌਕੇ ਕੋਨਗਰੈਚੂਲੇਸਨ, ਹੈਪੀ ਬਰਡੇ ਹੈਪੀ ਦਿਵਾਲੀ ਵਰਗੇ ਸੁਨੇਹੇ ਭੇਜੇ ਜਾਂਦੇ ਹਨ।

ਅੱਜ ਕੱਲ੍ਹ ਉਹ ਮੇਰੇ ਨਾਲ ਡਿਜੀਟਲ ਨਫਰਤ ਕਰਦੇ ਹਨ। ਜਦ ਵੀ ਮੈਂ ਆਨ ਲਾਈਨ ਹੁੰਦਾਂ, ਉਹ ਆਫ ਲਾਈਨ ਹੋ ਜਾਂਦੇ ਨੇ।

ਸੋ ਸਾਨੂੰ ਇਨ੍ਹਾਂ ਤੋਂ ਬਚਣ ਦੀ ਲੋੜ ਹੈ ਤੇ ਆਪਣਿਆਂ ਦੇ ਨਾਲ ਸਮਾਂ ਬਿਤਾਉਣ ਦੀ,

ਸੰਚਾਰ ਦੇ ਸਾਧਨ (ਸੁਨੇਹਿਆਂ ਦੇ ਸਾਧਨਾਂ) ਦੀ ਸੁਚੱਜੀ ਵਰਤੋਂ ਕਰਨ ਦੀ ਘਰ ਤੋਂ ਦੂਰ, ਦੇਸ਼ਾਂ ਵਿਦੇਸ਼ਾਂ ਵਿਚ ਰੁਜ਼ਗਾਰ ਦੀ ਭਾਲ 'ਚ ਗਏ ਲੋਕਾਂ ਵੱਲੋਂ ਹਮੇਸ਼ਾਂ ਖੁਸ਼ੀਆਂ, ਖੁਸ਼ੀਆਂ ਬਸ ਖੁਸ਼ੀਆਂ ਭਰੇ ਸੁਨੇਹੇ ਉਹਨਾਂ ਦੇ ਪਰਿਵਾਰਾਂ ਨੂੰ ਮਿਲਦੇ ਰਹਿਣ। ਸਭ ਦੀ ਖੈਰ ਹੋਵੇ।

ਨਿੱਤ ਖੈਰ ਮੰਗਾਂ ਸੋਹਣਿਆਂ ਮੈਂ ਤੇਰੀ
ਦੁਆ ਨਾ ਕੋਈ ਹੋਰ ਮੰਗਦੀ।
ਗੁਸਤਾਖੀ ਮਾਫ। ਜੁੜੇ ਰਹੋ ਮੇਰੇ ਨਾਲ

-ਸਿੱਧੂ ਮੂਸੇਵਾਲੇ ਦੇ ਮਾਨਸਾ ਤੋਂ
**ਲੋਕੇਸ਼ ਮਾਨਸਾ**
ਸੰਪਰਕ ਨੰ: 9463177177
ਪੇਸ਼ਕਸ਼: ਗੁਰਜੰਟ ਸਿੰਘ ਨਥੇਹਾ

# ਐਸ ਐਚ ਓ ਭੈਣੀ ਮੀਆਂ ਖਾਂ ਨੇ ਪਿੰਡਾਂ ਦੇ ਮੋਹਤਬਰਾਂ ਨਾਲ ਇਕ ਪਲੇਠੀ ਮੀਟਿੰਗ ਕੀਤੀ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 29 ਫ਼ਰਵਰੀ ਕੁਲਜੀਤ ਸਿੰਘ ਖੋਖਰ**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਐਸ਼ ਐਸ ਪੀ ਗੁਰਦਾਸਪੁਰ ਹਰੀਸ਼ ਦਾਮਾ ਜੀ ਦੇ ਹੁਕਮਾਂ ਅਨੁਸਾਰ ਐਸ ਐਚ ਓ ਭੈਣੀ ਮੀਆਂ ਖਾਂ ਮੈਡਮ ਇੰਨਸਪੈਕਟਰ ਸੁਮਨਪ੍ਰੀਤ ਕੌਰ ਨੇ ਥਾਣਾ ਭੈਣੀ ਮੀਆਂ ਖਾਂ ਦੇ ਅਧੀਨ ਆਉਂਦੇ ਪਿੰਡਾਂ ਦੇ ਮੋਹਤਬਰਾਂ ਵਿਆਕਤੀਆਂ ਨਾਲ਼ ਇਕ ਪਲੇਠੀ ਮੀਟਿੰਗ ਕੀਤੀ ਮੀਟਿੰਗ ਦੌਰਾਨ ਮੈਡਮ ਇੰਨਸਪੈਕਟਰ ਸੁਮਨਪ੍ਰੀਤ ਕੌਰ ਨੇ ਕਿਹਾ ਕਿ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਸੂਬੇ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਹਿ ਰਿਹਾ ਹੈ ਤੇ ਇਸ ਦਰਿਆ ਵਿਚ ਸਾਡੇ ਨੌਜਵਾਨ ਧੀਆਂ ਪੁੱਤਰ ਡੁੱਬ ਰਹੇ ਹਨ ਇਹਨਾਂ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਇਕੱਤਰ ਹੋਣਾਂ ਚਾਹੀਦਾ ਹੈ ਅਗੇ ਮੈਡਮ ਸੁਮਨਪ੍ਰੀਤ ਕੌਰ ਨੇ ਮੀਟਿੰਗ ਵਿੱਚ ਹਾਜ਼ਰ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਡੇ ਆਂਢ ਗੁਆਂਢ ਵਿੱਚ ਕੋਈ ਨਸ਼ਾ ਵੇਚਦਾ ਹੈ ਜਾਂ ਨਸ਼ਾ ਕਰਦਾ ਹੈ ਉਸ ਦੀ ਇਤਲਾਹ ਨੇੜ੍ਹਲੀ ਪੁਲਿਸ ਚੌਕੀ ਜਾਂ ਥਾਣੇ ਵਿਚ ਦਿਉ ਤਾਂ ਜ਼ੋ ਕੇ ਉਹਨਾਂ ਉਪਰ ਕੋਈ ਕਨੂੰਨੀ ਕਾਰਵਾਈ ਕੀਤੀ ਜਾਵੇ ਅਗੇ ਉਹਨਾਂ ਇਹ ਵੀ ਕਿਹਾ ਕਿ ਜੋ ਵਿਆਕਤੀ ਨਸ਼ੇ ਬਾਰੇ ਪੁਲਿਸ ਨੂੰ ਇਤਲਾਹ ਦੇਵੇਗਾ ਉਸ ਦਾ ਨਾਮ ਨੰਬਰ ਗੁਪਤ ਰੱਖਿਆ ਜਾਵੇਗਾ ਅਗੇ ਉਹਨਾਂ ਇਹ ਵੀ ਕਿਹਾ ਕਿ ਕਰਾਇਮ ਕੋਈ ਵੀ ਹੋਵੇ ਭਾਵੇਂ ਨਸ਼ਾ ਤਸ਼ਕਰੀ ਭਾਵੇਂ ਧੋਖਾਧੜੀ ਔਰਤਾਂ ਨਾਲ਼ ਛੇੜਛਾੜ ਦਾ ਮਾਮਲਾ ਹੋਵੇ ਉਸ ਦੀ ਵੀ ਇਤਲਾਹ ਦਿੱਤੀ ਜਾਵੇ ਇਸ ਤੋਂ ਬਾਅਦ ਉਹਨਾਂ ਮੀਟਿੰਗ ਵਿੱਚ ਹਾਜ਼ਰ ਸਾਰੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਪੁਲਸ ਤੁਹਾਡੀ ਜਾਨ ਮਾਲ ਦੀ ਰਾਖੀ ਲਈ ਵਚਨਬੱਧ ਹੈ।

# ਅਧੂਰੇ ਕਾਗਜਾਦ ਵਾਲਿਆਂ ਅਤੇ ਹੁਲੜਬਾਜ਼ੀ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਐਸ ਐਚ ਓ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 29 ਫ਼ਰਵਰੀ ਕੁਲਜੀਤ ਸਿੰਘ ਖੋਖਰ**-ਐਸ ਐਸ ਪੀ ਗੁਰਦਾਸਪੁਰ ਹਰੀਸ਼ ਦਾਮਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਸ ਐਚ ਓ ਭੈਣੀ ਮੀਆਂ ਖਾਂ ਮੈਡਮ ਇੰਨਸਪੈਕਟਰ ਸੁਮਨਪ੍ਰੀਤ ਕੌਰ ਨੇ ਪਤਰਕਾਰਾਂ ਦੇ ਰੂਬਰੂ ਹੋ ਕੇ ਗਲਬਾਤ ਕਰਦਿਆਂ ਕਿਹਾ ਕਿ ਥਾਣਾ ਭੈਣੀ ਮੀਆਂ ਖਾਂ ਦੇ ਅਧੀਨ ਆਉਂਦੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਅਧੂਰੇ ਕਾਗਜਾਦ ਵਾਲਿਆਂ ਨੂੰ ਅਤੇ ਪਿੰਡਾਂ ਸ਼ਹਿਰਾਂ ਕਸਬਿਆਂ ਵਿੱਚ ਹੁਲੜਬਾਜ਼ੀ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਅਗੇ ਉਹਨਾਂ ਖ਼ਾਸ ਤੌਰ ਤੇ ਨੌਜਵਾਨਾਂ ਨੂੰ ਬੇਨਤੀ ਕੀਤੀ ਕਿ ਉਹ ਵਾਹਨਾਂ ਦੇ ਕਾਗਜਾਦ ਅਧੂਰੇ ਨਾ ਰੱਖਣ ਅਗੇ ਉਹਨਾਂ ਇਹ ਵੀ ਹਿਦਾਇਤ ਕੀਤੀ ਕਿ ਜਿਹੜੇ ਨੌਜਵਾਨ ਆਪਣੇ ਮੋਟਰਸਾਇਕਲਾਂ ਤੇ ਵੱਡੇ ਵੱਡੇ ਹਾਰਨ ਲਗਵਾਈ ਫਿਰਦੇ ਹਨ ਅਤੇ ਭੀੜ ਭੜੱਕੇ ਵਾਲੀਆਂ ਥਾਵਾਂ ਤੇ ਜਿਵੇਂ ਕਿ ਬੱਸ ਅੱਡਿਆਂ ਅਤੇ ਸਕੂਲ ਕਾਲਜ਼ਾਂ ਦੇ ਅਗੇ ਪਟਾਕੇ ਮਰਵਾਉਦੇ ਤੇ ਬਿਨਾਂ ਵਜ੍ਹਾ ਲੋਕਾਂ ਨੂੰ ਤੰਗ ਪ੍ਰੇਸਾਨ ਕਰਦੇ ਹਨ ਉਹ ਸੁਧਰ ਜਾਣ ਕ.ਾਬੂ ਆਉਣ ਤੇ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਅਗੇ ਉਹਨਾਂ ਕਿਹਾ ਕਿ ਕਨੂੰਨੀ ਕਾਰਵਾਈ ਕਰਨ ਉਪਰੰਤ ਸਲਾਖਾਂ ਪਿੱਛੇ ਭੇਜਿਆ ਜਾਵੇਗਾ ਇਸ ਮੌਕੇ ਉਨ੍ਹਾਂ ਨਾਲ ਐਸ ਆਈ ਕੁਲਦੀਪ ਰਾਜ਼ ਏ ਐਸ ਆਈ ਸੁਭਾਸ਼ ਲਾਲ ਏ ਐਸ ਆਈ ਅਵਤਾਰ ਸਿੰਘ ਅਤੇ ਮੁੱਖ ਮੁਨਸ਼ੀ ਹੈਡ ਕਾਂਸਟੇਬਲ ਅਜੇ ਸ਼ਰਮਾ ਆਦਿ ਹਾਜ਼ਰ ਸਨ।

# ਇੰਜ ਦਲਜੀਤ ਸਿੰਘ ਕੋਹਲੀ ਜਨਰਲ ਸਕੱਤਰ ਪੰਜਾਬ ਇੱਕ ਪੇੜ ਦੇਸ਼ ਦੇ ਨਾਮ ਅਭਿਆਨ, ਰੰਗਲਾ ਪੰਜਾਬ ਉਤਸ਼ਵ ਵਿਚ ਵਧੀਆ ਭਾਗੀਦਾਰੀ ਲਈ ਸਨਮਾਨਿਤ : ਇੰਜ ਕੋਹਲੀ

ਚੌਕ ਮਹਿਤਾ 29 ਫਰਵਰੀ(ਬਾਬਾ ਸੁਖਵੰਤ ਸਿੰਘ ਚੰਨਣਕੇ )ਸੇਵਾ ਸਟਰੀਟ ਸਾਹਮਣੇ ਸਾਰਾਗੜ੍ਹੀ ਸਰਾਂ ਅਮ੍ਰਿਤਸਰ ਵਿਖੇ ਸਹਾਇਕ ਕਮਿਸ਼ਨਰ ਜਨਰਲ ਅਮ੍ਰਿਤਸਰ ਗੁਰਸਿਮਰਨਜੀਤ ਕੌਰ ਵਲੋਂ ਰੰਗਲਾ ਪੰਜਾਬ ਈਵੈਂਟ ਵਿਚ ਇੰਜ ਦਲਜੀਤ ਸਿੰਘ ਕੋਹਲੀ ਜਨਰਲ ਸਕੱਤਰ ਪੰਜਾਬ ਇੱਕ ਪੇੜ ਦੇਸ਼ ਦੇ ਨਾਮ ਅਭਿਆਨ ਨੂੰ ਉਤਸ਼ਵ ਵਿਚ ਬੇਹਤਰੀਨ ਭਾਗੀਦਾਰੀ ਵਾਸਤੇ ਸਨਮਾਨ ਚਿੰਨ੍ਹ ਵਜੋਂ ਸ਼ੀਲਡ ਅਤੇ ਮੈਡਲ ਦੇ ਸਨਮਾਨਿਤ ਕੀਤਾ ਗਿਆ। ਮਿਤੀ 24 2 24 ਤੋਂ ਲਗਾਤਾਰ ਸੈਲਫਲੈਸ ਸੇਵਾਵਾਂ ਦੇਣ ਹਿੱਤ ਸ਼ਹਿਰ ਦੀਆਂ ਪ੍ਰਮੁੱਖ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਜਿਸ ਵਿਚ ਸ਼ਹਿਰ ਦੀਆਂ ਲੱਗਭਗ 25 ਦੇ ਕਰੀਬ ਸੰਸਥਾਵਾਂ ਨੇ ਭਾਗ ਲਿਆ। ਇਸ ਮੋਕੇ ਇੰਜ ਦਲਜੀਤ ਸਿੰਘ ਕੋਹਲੀ ਏਕ ਪੇੜ ਦੇਸ਼ ਕੇ ਨਾਮ ਅਭਿਆਨ ਦੇ ਸੂਬਾ ਜਨਰਲ ਸਕੱਤਰ, ਪ੍ਰਿੰਸੀਪਲ ਮੇਜਰ ਸਿੰਘ, ਇੰਜ ਮਨਜੀਤ ਸਿੰਘ ਸੈਣੀ ਅਮ੍ਰਿਤਸਰ ਹਰਿਆਵਲ ਮੰਚ, ਦੀਪਕ ਬੱਬਰ ਮਿਸ਼ਨ ਆਗਾਜ਼, ਸ੍ਰ ਗੁਰਦੀਪ ਸਿੰਘ ਰਾਜਨ, ਦਲਜੀਤ ਸੋਨਾ, ਜਸਵਿੰਦਰ ਸਿੰਘ, ਹਰਸਿਮਰਨ ਸਿੰਘ, ਕਿਰਤਪਾਲ ਸਿੰਘ ਬੱਲ, ਤੋਂ ਇਲਾਵਾ ਬਹੁਤ ਸਾਰੇ ਮੈਂਬਰਾਂ ਨੇ ਇਸ ਮੇਲੇ ਵਿੱਚ ਵੱਧ ਚੜਕੇ ਹਿੱਸਾ ਲਿਆ। ਇੰਜ ਦਲਜੀਤ ਸਿੰਘ ਕੋਹਲੀ ਨੇ ਦਸਿਆ ਕਿ ਪੰਜਾਬ ਸਰਕਾਰ ਵੱਲੋਂ ਮਿਤੀ 24/2/2024 ਤੋਂ 29/2/2024 ਤੱਕ ਸਾਰਾਗੜ੍ਹੀ ਸਰਾਂ-ਸੇਵਾ ਸਟਰੀਟ ਵਿਖੇ ਰੰਗਲਾ ਪੰਜਾਬ ਉਤਸ਼ਵ ਵਿਚ ਬੇਹਤਰੀਨ ਪੇਸ਼ਕਾਰੀ ਲਈ ਸਮਾਜ ਸੇਵੀ ਸੰਸਥਾਵਾਂ ਨਾਲ ਮਿਲਕੇ ਉਤਸ਼ਵ ਨੂੰ ਪੂਰੀ ਧੂਮਧਾਮ ਨਾਲ ਮਨਾਇਆ। ਜਿਸ ਵਿਚ ਧਾਰਮਿਕ, ਸੱਭਿਆਚਾਰਕ ਨਾਟਕ ਪ੍ਰੋਗਰਾਮ, ਬਲੱਡ ਬੈਂਕ ਕੈਂਪ, ਘਰਾਂ ਵਿੱਚ ਪਈਆਂ ਕਿਤਾਬਾਂ/ਕਪੜੇ ਦੇ ਸਟਾਲ ਅਤੇ ਵਾਤਾਵਰਨ ਸੰਭਾਲ, ਜਲ ਸੰਕਟ, ਨੇਤਰਦਾਨ, ਖੂਨਦਾਨ, ਠੋਸ ਕੂੜੇ ਦਾ ਪਰਬੰਧਨ ਦੇ ਲੈਕਚਰ ਕਰਵਾਏ ਗਏ। *ਇੰਜ ਮਨਜੀਤ ਸਿੰਘ ਸੈਣੀ, ਕਿਰਤਪਾਲ ਸਿੰਘ ਬੱਲ ਨੇ ਸਾਰੇ ਸ਼ਹਿਰ ਵਾਸੀਆਂ ਦੀ ਦਿਲੋਂ ਤਰੀਫ਼ ਕੀਤੀ। ਪੰਜਾਬ ਸਰਕਾਰ ਵੱਲੋਂ ਮਨਾਏ ਗਏ ਰੰਗਲਾ ਪੰਜਾਬ ਉਤਸ਼ਵ ਵਿਚ ਵੱਧ ਚੜਕੇ ਹਿੱਸਾ ਲੈਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ।



# ਨਾਨਕਸ਼ਾਹੀ ਸੰਮਤ 556 (ਸੰਨ 2024-24) ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤਿ ਦਿਵਸ ਨੂੰ ਸਮਰਪਿਤ। ਸ੍ਰੀ ਗੁਰੂ ਅਮਰਦਾਸ ਜੀ ਨੇ 'ਪਹਿਲੇ ਪੰਗਤ ਪਾਛੈ ਸੰਗਤ' ਸਿੱਖੀ ਸਿਧਾਂਤ ਸ਼ੁਰੂ ਕੀਤਾ



### ਅਕਾਲ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਨੇ

# ਗੁਰੂ ਹਰਗੋਬਿੰਦ ਥਰਮਲ ਪਾਵਰ ਪਲਾਂਟ ਦਾ ਦੌਰਾ ਕੀਤਾ





ਤਲਵੰਡੀ ਸਾਬੋ, 29 ਫਰਵਰੀ (ਗੁਰਜੰਟ ਸਿੰਘ ਨਥੇਹਾ)- ਅਕਾਲ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਨੇ ਗੁਰੂ ਹਰਗੋਬਿੰਦ ਥਰਮਲ ਪਾਵਰ ਪਲਾਂਟ ਦਾ ਦੌਰਾ ਕੀਤਾ। ਗੁਰੂ ਹਰਗੋਬਿੰਦ ਥਰਮਲ ਪਾਵਰ ਪਲਾਂਟ, ਲਹਿਰਾ ਮੁਹੱਬਤ ਵਿੱਚ ਸਥਿਤ ਇੱਕ ਮਹੱਤਵਪੂਰਨ ਬਿਜਲੀ ਉਤਪਾਦਨ ਸਹੂਲਤ ਹੈ। ਡਾ. ਜਨਪ੍ਰੀਤ ਸਿੰਘ ਦੀ ਅਗਵਾਈ ਹੇਠ ਵਿਭਾਗ ਦੇ 51 ਵਿਦਿਆਰਥੀ ਪਲਾਂਟ ਪਹੁੰਚੇ।ਉਹਨਾਂ ਨੇ ਵਿਦਿਆਰਥੀਆਂ ਨੂੰ ਇੰਸਟ੍ਰਕਟਰ ਦੀਆਂ ਡਿਊਟੀਆਂ ਤੋਂ ਜਾਣੂ ਕਰਵਾਇਆ ਅਤੇ ਵਿਦਿਆਰਥੀਆਂ ਨੂੰ ਥਰਮਲ ਅਧਿਕਾਰੀਆਂ ਵੱਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਨ ਦੀ ਹਦਾਇਤ ਕੀਤੀ। ਸ੍ਰੀ ਭੁਪਿੰਦਰ ਸਿੰਘ ਗਿੱਲ (ਸੀ.ਐਕਸੀਅਨ) ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਜੀ.ਐਚ.ਟੀ.ਪੀ. ਜੀਐੱਚਟੀਪੀ ਇੱਕ 1,420 ਮੈਗਾਵਾਟ ਕੋਲੇ ਨਾਲ ਚੱਲਣ ਵਾਲਾ ਪਾਵਰ ਪ੍ਰੋਜੈਕਟ ਹੈ। ਪਲਾਂਟ ਇਸ ਸਮੇਂ 920 ਮੈਗਾਵਾਟ ਦੀ ਕਿਰਿਆਸ਼ੀਲ ਸਮਰੱਥਾ ਅਤੇ 500 ਮੈਗਾਵਾਟ ਦੀ ਪਾਈਪਲਾਈਨ ਸਮਰੱਥਾ ਦੇ ਨਾਲ ਅੰਸ਼ਕ ਤੌਰ 'ਤੇ ਕਿਰਿਆਸ਼ੀਲ ਹੈ। ਇਹ ਪਲਾਂਟ ਭਾਰਤ ਹੈਵੀ ਇਲੈਕਟ੍ਰੀਕਲਜ਼ ਦੁਆਰਾ ਵਿਕਸਤ ਕੀਤਾ ਗਿਆ ਹੈ ਅਤੇ ਇਹ ਪੰਜਾਬ ਰਾਜ ਪਾਵਰ ਦੀ ਮਲਕੀਅਤ ਹੈ।ਸਭ ਤੋਂ ਪਹਿਲਾਂ ਵਿਦਿਆਰਥੀਆਂ ਨੇ ਕੋਲਾ ਪ੍ਰੋਸੈਸਿੰਗ ਯੂਨਿਟ ਦਾ ਦੌਰਾ ਕੀਤਾ। ਵਿਦਿਆਰਥੀਆਂ ਨੇ ਕੋਲੇ ਦੀ ਤਿਆਰੀ ਦੀ ਪ੍ਰਕਿਰਿਆ ਨੂੰ ਦੇਖਿਆ, ਜਿੱਥੇ ਅਸ਼ੁੱਧੀਆਂ ਨੂੰ ਦੂਰ ਕਰਨ ਲਈ ਕੱਚੇ ਕੋਲੇ ਨੂੰ ਸਾਫ਼ ਕੀਤਾ ਜਾਂਦਾ ਹੈ। ਪਲਾਂਟ ਦੋਹਰੇ-ਇੰਧਨ ਪ੍ਰਣਾਲੀ 'ਤੇ ਕੰਮ ਕਰਦਾ ਹੈ ਅਤੇ ਮੁੱਖ ਤੌਰ 'ਤੇ ਕੋਲੇ ਦੀ ਵਰਤੋਂ ਕਰਦਾ ਹੈ। ਕੋਲੇ ਦੀ ਘਾਟ ਦੀ ਸਥਿਤੀ ਵਿੱਚ ਪਲਾਂਟ ਬਾਲਣ ਤੇਲ ਅਤੇ ਹਾਈ ਸਪੀਡ ਡੀਜ਼ਲ 'ਤੇ ਚੱਲ ਸਕਦਾ ਹੈ। ਇਹ ਬਾਲਣ ਝਾਰਖੰਡ ਦੇ ਪਚਵਾੜਾ ਕੋਲਾ ਬਲਾਕ ਅਤੇ ਸੈਂਟਰਲ ਕੋਲਫੀਲਡਜ਼ ਲਿਮਟਿਡ ਤੋਂ ਖਰੀਦਿਆ ਜਾਂਦਾ ਹੈ। ਪਲਾਂਟ ਤੋਂ 3,562MWh ਬਿਜਲੀ ਪੈਦਾ ਹੋਣ ਦੀ ਉਮੀਦ ਹੈ।ਇਸ ਤੋਂ ਬਾਅਦ ਪਾਣੀ ਨੂੰ ਭਾਫ਼ ਵਿੱਚ ਬਦਲਣ ਬਾਰੇ ਦੱਸਿਆ ਗਿਆ।ਵਿਦਿਆਰਥੀਆਂ ਵਿੱਚ ਥਰਮਲ ਪਲਾਂਟ ਵਿੱਚ ਵਰਤੇ ਜਾ ਰਹੇ ਸਾਰੇ ਯੰਤਰਾਂ ਨੂੰ ਦੇਖਣ ਲਈ ਬਹੁਤ ਉਤਸ਼ਾਹ ਨਜ਼ਰੀ ਪਾਇਆ।ਪਲਾਂਟ ਇੱਕ ਫਲੂ ਗੈਸ ਡੀਸਲਫਰਾਈਜ਼ੇਸ਼ਨ ਪਲਾਂਟ ਸਥਾਪਤ ਕਰਨ ਅਤੇ ਇਸਦੇ ਡੀਸੀਐਸ ਸਿਸਟਮ ਨੂੰ ਅਪਗ੍ਰੇਡ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਹਨਾਂ ਸੁਧਾਰਾਂ ਦਾ ਉਦੇਸ਼ ਪਲਾਂਟ ਦੀ ਕੁਸ਼ਲਤਾ ਨੂੰ ਵਧਾਉਣਾ ਅਤੇ ਇਸਦੇ ਵਾਤਾਵਰਣ ਪ੍ਰਭਾਵ ਨੂੰ ਘਟਾਉਣਾ ਹੈ। ਵਿਦਿਆਰਥੀਆਂ ਨੇ ਟਰਬਾਈਨ ਦੇ ਸੰਚਾਲਨ ਨੂੰ ਦੇਖਿਆ, ਜਿੱਥੇ ਭਾਫ਼ ਦੀ ਗਤੀ ਊਰਜਾ ਨੂੰ ਮਕੈਨੀਕਲ ਊਰਜਾ ਵਿੱਚ ਬਦਲਿਆ ਜਾਂਦਾ ਹੈ।ਆਟੋਮੈਟਿਕ ਕੰਟਰੋਲ ਸਿਸਟਮ, ਜੋ ਪਲਾਂਟ ਦੇ ਸੰਚਾਲਨ ਨੂੰ ਨਿਯੰਤ੍ਰਿਤ ਕਰਦਾ ਹੈ, ਨੂੰ ਇੰਸਟ੍ਰਕਟਰ ਦੁਆਰਾ ਸਮਝਾਇਆ ਗਿਆ। ਅੰਤ ਵਿੱਚ ਵਿਦਿਆਰਥੀਆਂ ਨੇ ਕੂਲਿੰਗ ਟਾਵਰ ਦਾ ਦੌਰਾ ਕੀਤਾ। ਗੁਰੂ ਹਰਗੋਬਿੰਦ ਥਰਮਲ ਪਾਵਰ ਪਲਾਂਟ ਦੀ ਵਿਦਿਅਕ ਫੇਰੀ ਨੇ ਵਿਦਿਆਰਥੀਆਂ ਨੂੰ ਥਰਮਲ ਪਾਵਰ ਪਲਾਂਟ ਦੇ ਕੰਮਕਾਜ ਬਾਰੇ ਵਿਹਾਰਕ ਗਿਆਨ ਪ੍ਰਦਾਨ ਕੀਤਾ, ਜੋ ਉਹਨਾਂ ਦੇ ਸਿਧਾਂਤਕ ਗਿਆਨ ਨੂੰ ਪੂਰਨ ਕਰਦਾ ਹੈ। ਵਿਦਿਆਰਥੀਆਂ ਨੂੰ ਬਿਜਲੀ ਉਤਪਾਦਨ ਦੀਆਂ ਜਟਿਲਤਾਵਾਂ ਅਤੇ ਚੁਣੌਤੀਆਂ ਬਾਰੇ ਡੂੰਘੀ ਸਮਝ ਪ੍ਰਾਪਤ ਹੋਈ। ਡਾ. ਰਮਨਦੀਪ ਕੌਰ, ਸਹਾਇਕ ਪ੍ਰੋ. (ਭੌਤਿਕ ਵਿਗਿਆਨ) ਨੇ ਥਰਮਲ ਪਲਾਂਟ ਦੇ ਅਧਿਕਾਰੀਆਂ ਅਤੇ ਇੰਸਟ੍ਰਕਟਰ ਦਾ ਧੰਨਵਾਦ ਕੀਤਾ। ਇਸ ਦੌਰੇ ਦੌਰਾਨ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਬਣਾਈ ਰੱਖਣ ਲਈ ਡਾ. ਅਮਨਦੀਪ ਸ਼ਰਮਾ ਅਤੇ ਸ੍ਰੀਮਤੀ ਪਿੰਕੀ ਨੇ ਵੀ ਸਰਗਰਮ ਭੂਮਿਕਾ ਨਿਭਾਈ। ਡਾ. ਸੁਸ਼ੀਲ ਕੁਮਾਰ, ਇੰਚਾਰਜ ਫਿਜ਼ਿਕਸ ਵਿਭਾਗ ਨੇ ਵਿਦਿਆਰਥੀਆਂ ਅਤੇ ਸਟਾਫ਼ ਦਾ ਧੰਨਵਾਦ ਕੀਤਾ।

### ਕਿਸਾਨ ਅੰਦੋਲਨ ਉਤੇ ਸਰਕਾਰੀ ਜ਼ਬਰ ਦਹਿਸਤੀ ਕਾਰਵਾਈ ਨੇ ਬੀਜੇਪੀ ਦੇ ਖਾਮੀਪੂਰਨ ਰਾਜ ਪ੍ਰਬੰਧ ਦੀਆਂ ਹਿਲਾਈਆਂ ਜੜ੍ਹਾ: ਮਾਨ

# ਈ.ਡੀ ਤੇ ਸੀ.ਬੀ.ਆਈ ਦੀਆਂ ਹਕੂਮਤੀ ਰੇਡਾਂ ਤੋਂ ਡਰਕੇ ਕਾਨੂੰਨ ਤੋਂ ਆਪਣੀ ਖੱਲ ਬਚਾਉਣ ਵਾਲੇ ਹੋ ਰਹੇ ਹਨ ਬੀਜੇਪੀ ਵਿਚ ਸ਼ਾਮਿਲ

**ਨਵੀਂ ਦਿੱਲੀ, 29 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:-"ਜੋ ਬੀਜੇਪੀ ਪਾਰਟੀ ਵੱਲੋਂ ਮੀਡੀਏ ਤੇ ਅਖ਼ਬਾਰਾਂ ਵਿਚ ਇਥੋ ਦੇ ਲੋਕਾਂ ਦੀ ਬਹੁਗਿਣਤੀ ਆਪਣੇ ਨਾਲ ਹੋਣ ਦੇ ਖੋਖਲੇ ਦਾਅਵੇ ਕੀਤੇ ਜਾ ਰਹੇ ਹਨ, ਉਸ ਵਿਚ ਅਸਲੀ ਤਸਵੀਰ ਕੁਝ ਹੋਰ ਹੈ । ਕਿਉਂਕਿ ਬੀਜੇਪੀ ਦੀ ਮੁਲਕ ਦੀ ਜਨਤਾ ਉਤੇ ਕੋਈ ਪਕੜ ਨਹੀਂ ਰਹੀ । ਬਲਕਿ ਜੋ ਇਨ੍ਹਾਂ ਦੀ ਪਾਰਟੀ ਵਿਚ ਸਿਆਸਤਦਾਨ ਤੇ ਲੋਕਾਂ ਨੂੰ ਸਾਮਿਲ ਹੋਣ ਨੂੰ ਆਧਾਰ ਬਣਾਕੇ ਆਪਣੇ ਹਰਮਨ ਪਿਆਰਤਾਂ ਦਾ ਗੁੰਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ, ਉਸ ਪਿੱਛੇ ਜਾਂ ਤਾਂ ਟਿਕਟੂ, ਟਿਕਟ ਲੈਣ ਵਾਲੇ ਹਨ, ਉਹ ਜਾ ਰਹੇ ਹਨ ਜਾਂ ਫਿਰ ਆਪਣੇ ਜਨਤਕ ਰੋਹ ਵਾਲੀ ਛਬੀ ਨੂੰ ਕਾਇਮ ਰੱਖਣ ਲਈ ਸੁਰੱਖਿਆ ਲੈਣ ਵਾਲੇ, ਦੋ ਨੰਬਰ ਦਾ ਕਾਰੋਬਾਰ ਕਰਨ ਵਾਲੇ, ਈ.ਡੀ ਤੇ ਸੀ.ਬੀ.ਆਈ ਦੀਆਂ ਹਕੂਮਤੀ ਰੇਡਾਂ ਤੋ ਡਰਕੇ ਕਾਨੂੰਨ ਤੋਂ ਆਪਣੀ ਖੱਲ ਬਚਾਉਣ ਦੇ ਡਰੋ ਬੀਜੇਪੀ ਵਿਚ ਸਾਮਿਲ ਹੋ ਰਹੇ ਹਨ । ਜਿਨ੍ਹਾਂ ਵੀ ਲੀਡਰਸ਼ਿਪ ਸਿਆਸਤਦਾਨਾਂ ਵਿਚ ਗੈਰ-ਇਖਲਾਕੀ ਗੰਦ ਹੈ, ਉਸਦਾ ਹੀ ਬੀਜੇਪੀ ਵਿਚ ਭਰਮਾਰ ਹੁੰਦਾ ਜਾ ਰਿਹਾ ਹੈ । ਜਿਸ ਨਾਲ ਆਉਣ ਵਾਲੇ ਸਮੇਂ ਵਿਚ ਬੀਜੇਪੀ ਇਕ ਵੱਡੇ ਗੰਦ ਦੇ ਟੋਕਰੇ ਦੀ ਤਰ੍ਹਾਂ ਪਹਿਚਾਣੀ ਜਾਵੇਗੀ ਅਤੇ ਆਉਣ ਵਾਲੀਆ ਲੋਕ ਸਭਾ ਚੋਣਾਂ ਵਿਚ ਬੀਜੇਪੀ ਪਾਰਟੀ ਦਾ ਪ੍ਰਦਰਸ਼ਨ ਅਤਿ ਨਮੋਸ਼ੀ ਵਾਲਾ ਹੋਵੇਗਾ । ਕਿਉਂਕਿ ਲੋਕਾਂ ਨੂੰ ਇਸ ਬਦਬੂ ਵਾਲੇ ਟੋਕਰੇ ਤੋਂ ਖੁਦ ਹੀ ਲੋਕਾਂ ਨੇ ਦੂਰੀ ਬਣਾ ਲੈਣੀ ਹੈ ਅਤੇ ਬੀਜੇਪੀ ਦੀ ਸਿਆਸੀ ਹਾਰ ਤਹਿ ਹੈ ।"



ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੌਜੂਦਾ ਹਕੂਮਤ ਪਾਰਟੀ ਬੀਜੇਪੀ ਵਿਚ ਆਏ ਦਿਨ ਸਿਆਸੀ ਆਗੂਆਂ ਦੇ ਸਾਮਿਲ ਹੋਣ ਉਤੇ ਆਪਣਾ ਪ੍ਰਤੀਕਰਮ ਜਾਹਰ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਉਤੇ ਸਰਕਾਰੀ ਜ਼ਬਰ ਦਹਿਸਤੀ ਕਾਰਵਾਈ ਨੇ ਬੀਜੇਪੀ ਦੇ ਖਾਮੀਪੂਰਨ ਰਾਜ ਪ੍ਰਬੰਧ ਦੀਆਂ ਜੜ੍ਹਾ ਹਿਲਾ ਦਿੱਤੀਆ ਹਨ । ਦੂਸਰਾ ਹੁਕਮਰਾਨ ਪਹਾੜਾਂ ਅਤੇ ਜੰਗਲਾਂ ਵਿਚ ਵੱਸਣ ਵਾਲੇ ਆਦਿਵਾਸੀਆਂ ਨੂੰ ਨਕਸਲਾਈਟ ਕਹਿਕੇ ਮਾਰਿਆ ਜਾ ਰਿਹਾ ਹੈ । ਕਸਮੀਰ ਵਿਚ ਦੇਸ਼ਧ੍ਰੋਹੀ ਤੇ ਦੇਸ਼ ਵਿਰੋਧੀ ਗਰਦਾਨਕੇ ਕਸਮੀਰੀ ਮੁਸਲਮਾਨਾਂ ਨੂੰ ਅੱਤਵਾਦੀ ਕਹਿਕੇ ਨਿਸਾਨਾਂ ਬਣਾਇਆ ਜਾ ਰਿਹਾ ਹੈ ।ਛੱਤੀਸਗੜ੍ਹ, ਮਨੀਪੁਰ, ਅਸਾਮ, ਵੈਸਟ ਬੰਗਾਲ, ਝਾਰਖੰਡ, ਮਿਜੋਰਮ ਆਦਿ ਸੂਬਿਆਂ ਵਿਚ ਵੱਡੀ ਗਿਣਤੀ ਵਿਚ ਵੱਸਣ ਵਾਲੇ ਘੱਟ ਗਿਣਤੀ ਨਿਵਾਸੀ ਅਤੇ ਦਲਿਤਾਂ ਉਤੇ ਹਕੂਮਤੀ ਜ਼ਬਰ ਢਾਹਿਆ ਜਾ ਰਿਹਾ ਹੈ ।2019 ਤੋਂ ਜੰਮੂ-ਕਸ਼ਮੀਰ ਦੀ ਅਸੈਬਲੀ ਨੂੰ ਗੈਰ ਵਿਧਾਨਿਕ ਢੰਗ ਨਾਲ ਰੱਦ ਕਰ ਦਿੱਤਾ ਗਿਆ ਹੈ ਅਤੇ ਉਸ ਨੂੰ ਯੂ.ਟੀ. ਐਲਾਨ ਦਿੱਤਾ ਗਿਆ ਹੈ, ਜਿਨ੍ਹਾਂ ਦੀ ਖੁਦਮੁਖਤਿਆਰੀ ਨੂੰ ਖਤਮ ਕੀਤਾ ਗਿਆ ਹੈ ।ਜਿਸਦਾ ਮੋਦੀ ਸਰਕਾਰ ਕੋਲ ਕੋਈ ਜੁਆਬ ਨਹੀ ਹੈ । ਫਿਰ 2014 ਤੋਂ ਸਾਡੀ ਸਿੱਖ ਪਾਰਲੀਮੈਂਟ ਐਸ.ਜੀ.ਪੀ.ਸੀ ਦੀਆਂ ਜਰਨਲ ਚੋਣਾਂ ਨਾ ਕਰਵਾਕੇ ਵਿਧਾਨਿਕ ਜਮਹੂਰੀਅਤ ਦਾ ਕਤਲ ਕੀਤਾ ਜਾ ਰਿਹਾ ਹੈ । ਫਿਰ ਵੱਖ-ਵੱਖ ਸੂਬਿਆਂ ਵਿਚ ਵਿਰੋਧੀਆਂ ਦੇ ਘਰਾਂ ਅਤੇ ਕਾਰੋਬਾਰਾਂ ਉਤੇ ਬੁਲਡੋਜਰ ਨੀਤੀ ਅਧੀਨ ਹਮਲੇ ਹੋ ਰਹੇ ਹਨ । ਉਨ੍ਹਾਂ ਨੂੰ ਮਾਲੀ ਤੌਰ ਤੇ ਕੰਮਜੋਰ ਕਰਕੇ ਗੁਲਾਮ ਬਣਾਉਣ ਦੀਆਂ ਸਾਜਿਸਾਂ ਰਚੀਆ ਜਾ ਰਹੀਆ ਹਨ ।

# ਅਮਰੀਕਾ ਅੰਦਰ ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਗ੍ਰੰਥੀ ਭਾਈ ਰਾਜ ਸਿੰਘ ਦੇ ਕਤਲ ਦੀ ਐਡਵੋਕੇਟ ਧਾਮੀ ਵਲੋਂ ਸਖ਼ਤ ਨਿਖੇਧੀ



ਨਵੀਂ ਦਿੱਲੀ 29 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ ਦੇ ਕੈਲੀਫੋਰਨੀਆ ਦੇ ਸੇਲਮਾ ਵਿਖੇ ਗੁਰਦੁਆਰਾ ਸਾਹਿਬ ਦੇ ਬਾਹਰ ਗ੍ਰੰਥੀ ਭਾਈ ਰਾਜ ਸਿੰਘ ਦੇ ਕਤਲ ਦੀ ਸਖ਼ਤ ਨਿਖੇਧੀ ਕਰਦਿਆਂ ਪਰਿਵਾਰ ਨਾਲ ਇਸ ਨਾ ਪੂਰਿਆ ਜਾਣ ਵਾਲੇ ਘਾਟੇ ਨੂੰ ਸਹਿਣ ਕਰਨ ਲਈ ਹਮਦਰਦੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨਾਲ ਭਾਈਚਾਰਿਆਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ। ਇੱਕ ਗ੍ਰੰਥੀ ਸਿੱਖ ਕੌਮ ਵਿੱਚ ਸਤਿਕਾਰ ਰੱਖਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਜਿਸ ਵੀ ਦੇਸ਼ ਵਿੱਚ ਰਹਿੰਦੇ ਹਨ, ਉਸ ਦੇ ਵਿਕਾਸ ਅਤੇ ਵਿਕਾਸ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਭਾਈ ਰਾਜ ਸਿੰਘ ਦੇ ਕਤਲ ਦਾ ਸੱਚ ਸਾਹਮਣੇ ਲਿਆਂਦਾ ਜਾਵੇਗਾ। ਉਨ੍ਹਾਂ ਕੈਲੀਫੋਰਨੀਆ ਰਾਜ ਅਤੇ ਅਮਰੀਕੀ ਸਰਕਾਰ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਅਤੇ ਇਸ ਕਤਲ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਨੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੂੰ ਇਹ ਮਾਮਲਾ ਆਪਣੇ ਅਮਰੀਕੀ ਹਮਰੁਤਬਾ ਕੋਲ ਉਠਾਉਣ ਅਤੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਵੀ ਬੇਨਤੀ ਕੀਤੀ।

# ਕੇਂਦਰ ਤੇ ਦਿੱਲੀ ਸਰਕਾਰ ਘੱਟ ਗਿਣਤੀ ਵਿਦਿਆਰਥੀਆਂ ਲਈ ਸਕਾਲਰਸ਼ਿਪ ਸਕੀਮਾਂ ਦੇ ਮਾਮਲੇ ਵਿਚ ਕਰ ਰਹੇ ਹਨ ਵਿਤਕਰਾ: ਜਸਵਿੰਦਰ ਸਿੰਘ ਜੌਲੀ

ਨਵੀਂ ਦਿੱਲੀ, 29 ਫਰਵਰੀ (ਮਨਪ੍ਰੀਤ ਸਿੰਘ ਖਾਲਸਾ): ਕੇਂਦਰ ਸਰਕਾਰ ਅਤੇ ਦਿੱਲੀ ਸਰਕਾਰ ਵਲੋਂ ਘੱਟ ਗਿਣਤੀ ਵਿਦਿਆਰਥੀਆਂ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਨੂੰ ਲਗਾਤਾਰ ਬੰਦ ਕੀਤਾ ਜਾ ਰਿਹਾ ਹੈ । ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵਲੋਂ ਚਲਾਏ ਜਾ ਰਹੇ ਘੱਟ ਗਿਣਤੀ ਸੈਲ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੇ ਦੱਸਿਆ ਕਿ ਉਂਝ ਤਾਂ ਸਰਕਾਰਾਂ ਵਲੋਂ "ਰਾਈਟ ਟੂ ਐਜੂਕੇਸ਼ਨ" ਅਤੇ "ਐਜੂਕੇਸ਼ਨ ਫਾਰ ਆਲ" ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਪਰ ਜ਼ਮੀਨੀ ਸੱਚਾਈ ਇਸ ਤੋਂ ਬਿਲਕੁਲ ਉਲਟ ਹੈ । ਉਹਨਾਂ ਕਿਹਾ ਕਿ ਦਿੱਲੀ ਸਰਕਾਰ ਵਲੋਂ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਲਈ "ਮੈਰਿਟ ਕਮ ਮੀਨਸ" ਸਕੀਮ ਚਲਾਈ ਜਾ ਰਹੀ ਸੀ, ਜਿਸ ਦੇ ਤਹਿਤ ਦਿੱਲੀ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਵਿਦਿਆਰਥੀ ਨੂੰ ਉਹਨਾਂ ਦੀ ਪੂਰੀ ਫੀਸ ਵਾਪਸ ਕੀਤੀ ਜਾਂਦੀ ਸੀ, ਪਰ ਪਿਛਲੇ ਦੋ ਸਾਲਾਂ ਤੋਂ ਇਹ ਸਕੀਮ ਬੰਦ ਕਰ ਦਿਤੀ ਗਈ ਹੈ । ਉਹਨਾਂ ਕਿਹਾ ਕਿ ਮੁੱਖ ਮੰਤਰੀ, ਹਾਇਰ-ਐਜੂਕੇਸ਼ਨ, ਐਲ.ਜੀ. ਸਭ ਨੂੰ ਮਨਿਓਰਿਟੀ ਸੈਲ ਵਲੋਂ ਵਾਰ-ਵਾਰ ਚਿੱਠੀਆਂ ਲਿੱਖਣ ਦੇ ਬਾਵਜੂਦ, ਨਾ ਹੀ ਕੋਈ ਜਵਾਬ ਆਇਆ ਅਤੇ ਨਾ ਹੀ ਸਕੀਮ ਨੂੰ ਮੁੜ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਕਈ ਅਜਿਹੇ ਵਿਦਿਆਰਥੀ ਹਨ ਜਿਹਨਾਂ ਨੂੰ ਆਪਣੀ ਪੜ੍ਹਾਈ ਅੱਧ ਵਿਚਾਲੇ ਹੀ ਛੱਡਣੀ ਪਈ ਹੈ। ਉਹਨਾਂ ਕਿਹਾ ਕਿ ਇਸੇ ਤਰ੍ਹਾਂ ਕੇਂਦਰ ਸਰਕਾਰ ਵਲੋਂ ਨੈਸ਼ਨਲ ਸਕਾਲਰਸ਼ਿਪ ਪੋਰਟਲ 'ਤੇ ਪਿਛਲੇ ਬਹੁਤ ਸਾਲਾਂ ਤੋਂ ਦੇਸ਼ ਭਰ ਦੇ ਘੱਟ ਗਿਣਤੀ ਵਿਦਿਆਰਥੀਆਂ ਲਈ ਕੁਝ ਸਕੀਮਾਂ ਚਲਾਈਆਂ ਜਾ ਰਹੀਆਂ ਸਨ, ਪਰ ਇਸ ਸਾਲ ਨੈਸ਼ਨਲ ਸਕਾਲਰਸ਼ਿਪ ਪੋਰਟਲ 'ਤੇ ਬਾਕੀ ਸਾਰੀ ਸਕੀਮਾਂ ਆਈਆਂ ਪਰ ਘੱਟ ਗਿਣਤੀ ਵਿਦਿਆਰਥੀਆਂ ਲਈ ਸਕੀਮਾਂ ਹੀ ਨਹੀਂ ਸ਼ੁਰੂ ਹੋਈਆਂ । ਇਸ ਬਾਰੇ ਵੀ ਬਹੁਤ ਸਾਰੀਆਂ ਚਿੱਠੀਆਂ ਲਿਖੀਆਂ ਗਈਆਂ ਪਰ ਨਾ ਹੀ ਕੋਈ ਜਵਾਬ ਆਇਆ ਅਤੇ ਨਾ ਹੀ ਕੋਈ ਕਾਰਵਾਈ ਹੋਈ ।



ਸਰਕਾਰਾਂ ਨੂੰ ਘੱਟ ਗਿਣਤੀ ਵਿਦਿਆਰਥੀਆਂ ਜਾਂ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਲਈ ਵੱਧ ਤੋਂ ਵੱਧ ਸਕੀਮਾਂ ਚਲਾਣੀਆਂ ਚਾਹੀਦੀਆਂ ਹਨ ਜਿਸ ਨਾਲ ਸਭ ਨੂੰ ਵਿਦਿਆ ਪ੍ਰਾਪਤ ਕਰਨ ਦਾ ਇਕ ਸਮਾਨ ਮੌਕਾ ਮਿਲ ਸਕੇ, ਪਰ ਸਰਕਾਰਾਂ ਨਵੀਆਂ ਸਕੀਮਾਂ ਸ਼ੁਰੂ ਕਰਨ ਦੀ ਥਾਂ ਪਿਛਲੇ ਕਈ ਸਾਲਾਂ ਤੋਂ ਚਲ ਰਹੀਆਂ ਸਕੀਮਾਂ ਵੀ ਇਕ-ਇਕ ਕਰ ਕੇ ਬੰਦ ਕਰਦੀਆਂ ਜਾ ਰਹੀਆਂ ਹਨ । ਇਸ ਲਈ ਸਰਕਾਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਘੱਟ ਗਿਣਤੀ ਵਿਦਿਆਰਥੀਆਂ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ ।

# ਐੱਸ. ਡੀ. ਐੱਮ. ਬਾਬਾ ਬਕਾਲਾ ਸਾਹਿਬ ਨੇ ਜਲਾਲਉਸਮਾਂ ਗਰਾਊਂਡ ਦਾ ਕੀਤਾ ਨਿਰੀਖਣ




ਚੌਂਕ ਮਹਿਤਾ,29ਫਰਵਰੀ(ਬਾਬਾ ਸੁਖਵੰਤ ਸਿੰਘ ਚੰਨਣਕੇ)-ਸੂਬਾ ਸਰਕਾਰ ਵੱਲੋਂ ਜਾਰੀ ਦਿਸ਼ਾਂ ਨਿਰਦੇਸ਼ਾਂ ਤੋਂ ਬਾਅਦ ਬਾਬਾ ਬਕਾਲਾ ਸਾਹਿਬ ਦੇ ਐੱਸ. ਡੀ. ਐੱਮ. ਸ੍ਰੀ ਲਾਲ ਵਿਸ਼ਵਾਸ਼ ਜੀ ਨੇ ਬੀਤੇਂ ਦਿਨੀਂ ਪਿੰਡ ਜਲਾਲਉਸਮਾਂ ਵਿਖੇ 'ਸ੍ਰ.ਪਿਸਤੌਲ਼ ਸਿੰਘ ਯਾਦਗਰੀ ਖੇਡ ਮੈਦਾਨ' ਦਾ ਨਿਰੀਖਣ ਕੀਤਾ ਉਨ੍ਹਾਂ ਨੇ ਪਿੰਡ ਦੇ ਨੌਜਵਾਨਾਂ ਤੇ ਬੱਚਿਆਂ ਨਾਲ ਗੱਲ-ਬਾਤ ਕਰਦੇ ਹੋਏ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਵੀ ਨਸ਼ਾਂ ਨਾ ਕਰਨ ਤੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਐੱਸ. ਡੀ. ਐੱਮ. ਸਾਹਿਬ ਨੇ ਸੁੱਚੇਜੇ ਢੰਗ ਨਾਲ ਬਣੇ ਖੇਡ ਮੈਦਾਨ 'ਤੇ ਤਸੱਲੀ ਪ੍ਰਗਟਾਉਂਦੇ ਹੋਏ ਗਰਾਊਂਡ 'ਚ ਮੌਜੂਦ ਖਿਡਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਉਪਰਾਲ਼ਿਆਂ ਤੇ ਅਪਣਾਈ ਜਾ ਰਹੀ ਨੀਤੀ ਬਾਰੇ ਦੱਸਿਆ। ਇਸ ਤੋਂ ਪਹਿਲਾਂ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਅੰਮ੍ਰਿਤਸਰ ਦੀਆਂ ਹਦਾਇਤਾਂ ਜ਼ਿਲ੍ਹਾ ਖੇਡ ਕੋਚ ਤੇ ਰਈਆ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਕੁਲਵੰਤ ਸਿੰਘ ਵੀ ਖੇਡ ਮੈਦਾਨ ਦਾ ਦੌਰਾ ਕਰ ਚੁੱਕੇ ਹਨ ।ਪਿੰਡ ਦੇ ਸਰਪੰਚ ਗੁਰਬਖਸ਼ ਸਿੰਘ ਨੇ ਪਿੰਡ ਆ ਕੇ ਗਰਾਊਂਡ ਦਾ ਜ਼ਾਇਜ਼ਾ ਲੈਣ ਵਾਲੇ ਸਾਰੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਤੇ ਮੈਦਾਨ ਲਈ ਬੁਨਿਆਦੀ ਲੋੜਾਂ ਬਾਰੇ ਦੱਸਦੇ ਹੋਏ ਗਰਾਊਂਡ ਦੀ ਚਾਰ ਦੁਆਰੀ, ਇੰਟਰਲੋਕਿੰਗ ਟਾਈਲ ਨਾਲ ਬਣਾਏ ਗਏ ਟਰੈਕ ਤੇ ਖੇਡਾਂ ਨਾਲ ਸੰਬੰਧਿਤ ਗਰਾਊਂਡ 'ਚ ਲਿਖਵਾਏ ਸਲੋਗਨਾ ਬਾਰੇ ਜਾਣਕਾਰੀ ਸਾਂਝੀ ਕੀਤੀ ।ਇਸ ਮੌਕੇ ਪੰਚਾਇਤ ਸਕੱਤਰ ਹਰੀਸ਼ ਕੁਮਾਰ,ਮਲਕੀਤ ਸਿੰਘ ਮਾਨ, ਕੁਲਜੀਤ ਸਿੰਘ, ਕੁਲਵੰਤ ਸਿੰਘ,ਹਰਜੀਤ ਸਿੰਘ,ਮਲਕੀਤ ਸਿੰਘ, ਦਲਜੀਤ ਸਿੰਘ,ਦਾਰਾ ਸਿੰਘ, ਅਵਤਾਰ ਸਿੰਘ ਤੇ ਪਿੰਡ ਦੇ ਬਹੁਤ ਸਾਰੇ ਨੌਜਵਾਨ ਮੌਜੂਦ ਸਨ।

## ਕੈਂਬਰੀਜ ਯੂਨੀਵਰਸਿਟੀ ਪੁੱਜੇ ਰਾਹੁਲ ਗਾਂਧੀ ਦਾ

# ਬ੍ਰਿਟਿਸ਼ ਸਿੱਖਾਂ ਵਲੋਂ ਭਾਰੀ ਵਿਰੋਧ










ਨਵੀਂ ਦਿੱਲੀ 29 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-ਬਰਤਾਨੀਆਂ ਦੀ ਕੈਂਬਰੀਜ ਯੂਨੀਵਰਸਿਟੀ ਪੁੱਜੇ ਇੰਦਰਾ ਗਾਂਧੀ ਦੇ ਪੋਤਰੇ ਅਤੇ ਰਾਜੀਵ ਗਾਂਧੀ ਦੇ ਪੁਤਰ ਰਾਹੁਲ ਗਾਂਧੀ ਦਾ ਬ੍ਰਿਟਿਸ਼ ਸਿੱਖਾਂ ਵਲੋਂ ਭਾਰੀ ਵਿਰੋਧ ਕੀਤਾ ਗਿਆ ਹੈ । ਉੱਥੇ ਹਾਜਿਰ ਬੁਲਾਰਿਆ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਦਸਿਆ ਕਿ ਇੰਦਰਾ ਗਾਂਧੀ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਗੁਰਧਾਮਾਂ ਉਪਰ ਫੌਜ ਚੜਾ ਕੇ ਹਜ਼ਾਰਾਂ ਸਿੱਖਾਂ ਦਾ ਕੱਤਲ ਕਰਣ ਵਾਲਾ ਸਾਕਾ ਨੀਲਾ ਤਾਰਾ ਦਾ ਕਹਿਰ ਵਰਪਾ ਕੇ ਸਿੱਖ ਪੰਥ ਨੂੰ ਕਦੇ ਨਾ ਭੁੱਲਣ ਵਾਲਾ ਜਖਮ ਦਿੱਤਾ ਹੈ ਉੱਥੇ ਨਾਲ ਹੀ ਉਸ ਦੇ ਪੁਤਰ ਰਾਜੀਵ ਗਾਂਧੀ ਵਲੋਂ ਦਿੱਲੀ ਅਤੇ ਵੱਖ ਵੱਖ ਸ਼ਹਿਰਾ ਅੰਦਰ 31 ਅਕਤੂਬਰ ਤੋਂ ਲੈ ਕੇ 4 ਨਵੰਬਰ ਤਕ ਜਿਸ ਤਰ੍ਹਾਂ ਹਜਾਰਾਂ ਸਿੱਖਾਂ ਦਾ ਕਤਲੇਆਮ ਕਰਵਾਇਆ ਗਿਆ, ਉਨ੍ਹਾਂ ਦੇ ਗਲਿਆਂ ਅੰਦਰ ਟਾਇਰ ਪਾ ਪਾ ਕੇ ਸਾੜਿਆ ਗਿਆ, ਮਾਵਾਂ ਭੈਣਾਂ ਨੂੰ ਬੇਪਤ ਕੀਤਾ ਗਿਆ ਦੁੱਧ ਚੁਗਦੇ ਬੱਚਿਆਂ ਨੂੰ ਮਾਰਿਆ ਗਿਆ, ਓਹ ਅਸੀ ਕਦੇ ਨਹੀਂ ਭੁੱਲ ਸਕਦੇ ਹਾਂ । ਇਹ ਲੋਕ ਜਦੋ ਵੀ ਵਿਦੇਸ਼ਾਂ ਅੰਦਰ ਆਣਗੇ ਜਾਗਦੀ ਜਮੀਰ ਵਾਲੇ ਸਿੱਖ ਇਨ੍ਹਾਂ ਦਾ ਵਿਰੋਧ ਕਰਣਗੇ ਅਤੇ ਇਕ ਸਮਾਂ ਆਏਗਾ ਜਦੋ ਸਿੱਖਾਂ ਦਾ ਆਪਣਾ ਮੁੱਲਕ ਹੋਵੇਗਾ ਤਦ ਦੁਨੀਆਂ ਦੇਖੇਗੀ ਕਿ ਕਿਸ ਤਰ੍ਹਾਂ ਸਿੱਖਾਂ ਨੇ ਇਨ੍ਹਾਂ ਲੋਕਾਂ ਨੂੰ ਘਰੋਂ ਘੜੀਸ ਕੇ ਲਿਆ ਕੇ ਦੁਨੀਆਂ ਸਾਹਮਣੇ ਸਜ਼ਾਵਾਂ ਦਿੱਤੀਆਂ ਹਨ ।ਉਨ੍ਹਾਂ ਇਹ ਵੀ ਕਿਹਾ ਰਾਹੁਲ ਗਾਂਧੀ ਇਥੇ ਸ਼ਾਂਤੀ, ਲੋਕਤੰਤਰ ਅਤੇ ਡੈਮੋਕ੍ਰੇਸੀ ਵਿਸ਼ਿਆ ਤੇ ਲੇਕਚਰ ਦੇਣ ਆਇਆ ਹੈ ਜਦਕਿ ਇਹ ਓਹ ਲੋਕ ਹਨ ਜਿਨ੍ਹਾਂ ਨੇ ਇਨ੍ਹਾਂ ਦਾ ਘਾਣ ਕਰਦਿਆਂ ਲੋਕਤੰਤਰ ਨੂੰ ਬਰਬਾਦ ਕਰਣ ਵਿਚ ਮੋਹਰੀ ਭੂਮਿਕਾ ਨਿਭਾਈ ਸੀ ਤੇ ਇਹ ਕਿਸ ਮੂੰਹ ਨਾਲ ਇਨ੍ਹਾਂ ਵਿਸ਼ਿਆ ਬਾਰੇ ਚਰਚਾ ਕਰ ਰਿਹਾ ਹੈ ਤੇ ਯੂਨੀਵਰਸਿਟੀ ਜਿਸ ਦਾ ਸੰਸਾਰ ਅੰਦਰ ਬਹੁਤ ਵੱਡਾ ਨਾਮ ਹੈ, ਵਲੋਂ ਸਿੱਖਾਂ ਦਾ ਕਤਲੇਆਮ ਕਰਣ ਵਾਲਿਆਂ ਦੇ ਵਾਰਸਾਂ ਨੂੰ ਕਿਉਂ ਸੱਦਣਾ ਨਮੋਸ਼ੀਜਨਕ ਹੈ । ਉਨ੍ਹਾਂ ਕਿਹਾ ਕਿ ਹਿੰਦੁਸਤਾਨ ਅੰਦਰ ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ ਜਾਂ ਫਿਰ ਅਕਾਲੀ ਹੋਣ, ਹਰ ਕਿਸੇ ਦਾ ਹੱਥ ਸਿੱਖਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਹਿੰਦੁਸਤਾਨ ਅੰਦਰ ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ ਜਾਂ ਫਿਰ ਅਕਾਲੀ ਹੋਣ, ਹਰ ਕਿਸੇ ਦਾ ਹੱਥ ਸਿੱਖਾਂ ਦੇ ਖ਼ੂਨ ਨਾਲ ਰੰਗਿਆ ਹੋਇਆ**

## ਟ੍ਰੈਫਿਕ ਐਜੂਕੇਸ਼ਨ ਸੈੱਲ ਵਲੋ ਪੀ ਆਰ ਟੀ ਸੀ ਅਤੇ

# ਪ੍ਰਾਈਵੇਟ ਬੱਸਾਂ ਦੇ ਡਰਾਈਵਰਾਂ, ਕੰਡਕਟਰਾਂ ਨੂੰ ਟ੍ਰੈਫਿਕ ਨਿਯਮਾਂ ਤੋਂ ਜਾਣੂ ਕਰਵਾਇਆ



ਅੰਮ੍ਰਿਤਸਰ 29 ਫਰਵਰੀ( ਬਾਬਾ ਸੁਖਵੰਤ ਸਿੰਘ ਚੰਨਣਕੇ )ਮਾਣਯੋਗ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਆਈ ਪੀ ਐਸ ਪੁਲਿਸ ਕਮਿਸ਼ਨਰ ਦੇ ਦਿਸ਼ਾ ਨਿਰਦੇਸ਼ ਹੇਠ ਏ ਡੀ ਸੀ ਪੀ ਟਰੈਫਿਕ ਸ੍ਰੀ ਹਰਪਾਲ ਸਿੰਘ ਜੀ ਅਤੇ ਏ.ਸੀ.ਪੀ. ਸ੍ਰੀ ਤੇਜਿੰਦਰਪਾਲ ਸਿੰਘ ਜੀ ਦੀ ਰਹਿਨੁਮਾਈ ਹੇਠ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਐੱਸ ਆਈ ਦਲਜੀਤ ਸਿੰਘ ਅਤੇ ਉਹਨਾਂ ਦੀ ਟੀਮ ਵੱਲੋ ਆਟੋ ਰਿਕਸ਼ਾ ਸਟੈਂਡ ਨੇੜੇ ਸੰਗਮ ਚੌਂਕ ਵਿਖੇ ਆਟੋ ਚਾਲਕਾ ਨਾਲ ਟ੍ਰੈਫਿਕ ਵਰਕਸ਼ਾਪ ਲਗਾਈ ਗਈ ਜਿਸ ਵਿਚ ਉਹਨਾਂ ਨੂੰ ਲੇਨ ਵਿਚ ਚੱਲਣ ਲਈ ਦੱਸਿਆ ਗਿਆ, ਆਪਣੇ ਡਾਕੂਮੈਂਟ ਪੂਰੇ ਕਰਨ ਲਈ ਹਦਾਇਤ ਕੀਤੀ ਗਈ ਅਤੇ ਵਰਦੀ ਪਾ ਕੇ ਆਟੋ ਚਲਾਉਣ ਲਈ ਕਿਹਾ ਗਿਆ ਇਸ ਤੋ ਇਲਾਵਾ ਬੱਸ ਸਟੈਂਡ ਵਿਖੇ ਪੰਜਾਬ ਰੋਡਵੇਜ, ਪੀ.ਆਰ.ਟੀ.ਸੀ. ਅਤੇ ਪ੍ਰਾਈਵੇਟ ਬੱਸਾ ਦੇ ਡਰਾਈਵਰਾ ਅਤੇ ਕੰਡਕਟਰਾ ਨਾਲ ਵਰਕਸ਼ਾਪ ਲਗਾਈ ਗਈ ਬੱਸ ਡਰਾਈਵਰਾ ਨੂੰ ਹਦਾਇਤ ਕੀਤੀ ਗਈ ਕੇ ਬੱਸ ਦੀ ਛਤ ਉਪਰ ਕੋਈ ਵੀ ਸਵਾਰੀ ਨਾ ਬਿਠਾਈ ਜਾਵੇ ਤਾ ਜੋ ਕੋਈ ਵੀ ਅਣਸੁਖਾਵੀ ਘਟਨਾ ਨਾ ਵਾਪਰ ਜਾਵੇ ਖਾਸ ਤੌਰ ਤੇ ਪ੍ਰੈਸਰ ਹਾਰਨ ਨਾ ਵਰਤਣ ਬਾਰੇ ਪ੍ਰੇਰਿਤ ਕੀਤਾ ਗਿਆ ਉਹਨਾਂ ਨੂੰ ਸੜਕ ਤੇ ਚਲਦਿਆ ਹਮੇਸ਼ਾ ਟ੍ਰੈਫਿਕ ਨਿਯਮਾ ਨੂੰ ਫੋਲੋ ਕਰਨ ਲਈ ਪ੍ਰੇਰਿਤ ਕੀਤਾ ਗਿਆ ਬੱਸ ਡਰਾਈਵਰਾ ਨੂੰ ਹਦਾਇਤ ਕੀਤੀ ਗਈ ਕੇ ਸਵਾਰੀਆ ਨੂੰ ਹਮੇਸ਼ਾ ਸੜਕ ਦੇ ਕਿਨਾਰੇ ਤੇ ਹੀ ਉਤਾਰਿਆ ਜਾਵੇ ਸੜਕ ਦੇ ਵਿਚ ਰੋਕ ਕੇ ਸਵਾਰੀਆ ਨੂੰ ਨਾ ਉਤਾਰਿਆ ਜਾਵੇ ਇਸ ਮੌਕੇ ਸੁਖਦੇਵ ਸਿੰਘ ਸਬ ਇੰਸਪੈਕਟਰ, ਕਪਿਲ ਦੇਵ ਸਬ ਇੰਸਪੈਕਟਰ, ਮੇਜਰ ਸਿੰਘ ਪਿਆਰ ਬੱਸ, ਜੋਬਨਜੀਤ ਸਿੰਘ ਨਿਊ ਦੀਪ ਬੱਸ ਮੌਕੇ ਪਰ ਹਾਜ਼ਰ ਸਨ

## ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਬਡੂੰਗਰ ਦੇ ਪੋਤਰੇ ਤੇ ਪੋਤਨੂੰਹ ਦੋਵਾਂ ਨੇ ਇਕੱਠਿਆਂ ਲਈ ਡਾਕਟਰ ਆਫ ਫਿਲਾਸਫੀ ਦੀ ਡਿਗਰੀ



**ਪਟਿਆਲਾ, 29 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸਿੱਖ ਕੌਮ ਦੇ ਮਹਾਨ ਵਿਦਵਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਜਿੱਥੇ ਆਪਣੇ ਪੁੱਤਰਾਂ ਅਤੇ ਧੀਆਂ ਨੂੰ ਉੱਚ ਦਰਜੇ ਦੀ ਸਿੱਖਿਆ ਮੁਹਈਆ ਕਰਵਾਕੇ ਵੱਖ ਵੱਖ ਵਿਭਾਗਾਂ ਵਿੱਚ ਅੱਵਲ ਦਰਜੇ ਦੇ ਸਰਕਾਰੀ ਅਧਿਕਾਰੀ ਬਣਾਇਆ , ਉੱਥੇ ਹੀ ਹੁਣ ਸਿੱਖਿਆ ਦੇ ਖੇਤਰ ਵਿੱਚ ਨਾਮਣਾ ਖੱਟਦੇ ਹੋਏ ਉਨਾਂ ਦੇ ਪੋਤਰੇ ਤੇ ਸ਼ਮਸ਼ੇਰ ਸਿੰਘ ਤੇ ਪੁੱਤਰ ਡਾ. ਮਨੀ ਇੰਦਰਪਾਲ ਸਿੰਘ ਬਡੂੰਗਰ ਨੇ ਸਮਾਜ ਵਿਗਿਆਨ ਫੈਕਲਟੀ ਵਿੱਚ ਟੈਲੀਵਿਜ਼ਨ ਅਤੇ ਪੇਂਡੂ ਸਮਾਜ ਵਿਸ਼ਵ 'ਤੇ ਪੀਐੱਚ.ਡੀ, ਜਦਕਿ ਡਾ. ਜਸਮੀਨ ਕੌਰ ਬਡੂੰਗਰ ਨੇ ਬਿਜ਼ਨਸ ਸਟੱਡੀਜ਼ ਫੈਕਲਟੀ ਵਿੱਚ ਪੰਜਾਬ ਵਿੱਚ ਸਰਕਾਰ ਦੁਆਰਾ ਈ-ਗਵਰਨੈਂਸ ਪਹਿਲਕਦਮੀਆਂ ਵਿਸ਼ੇ 'ਤੇ ਪੀਐੱਚ.ਡੀ. ਕੀਤੀ। ਜਿਗਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਤੇਗ. ਬਹਾਦਰ ਹਾਲ ਵਿਖੇ ਹੋਈ 40ਵੀ ਕਾਨਵੋਕੇਸ਼ਨ ਵਿੱਚ ਚਾਂਸਲਰ ਅਤੇ ਗਵਰਨਰ ਪੰਜਾਬ ਸ਼੍ਰੀ ਬਨਵਾਰੀ ਲਾਲ ਪੁਰੋਹਿਤ ਅਤੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵੱਲੋਂ ਪੀਐੱਚ.ਡੀ ਦੀ ਡਿਗਰੀ ਪ੍ਰਦਾਨ ਕੀਤੀ ਗਈ। ਇਨ੍ਹਾਂ ਪਤੀ ਪਤਨੀ ਜੋੜੇ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀਐਚਡੀ ਦੀ ਦੀਆਂ ਡਿਗਰੀਆਂ ਪ੍ਰਾਪਤ ਕੀਤੇ ਜਾਣ ਨਾਲ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਨਾਮ ਹੋਰ ਉੱਚਾ ਹੋਇਆ ਹੈ । ਇਸ ਮੌਕੇ ਤੇ ਡਾ ਮਨੀ ਇੰਦਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਉਨਾਂ ਨੇ ਆਪਣੀ ਖੋਜ ਡਾ. ਦੀਪਕ ਕੁਮਾਰ , ਮੁਖੀ ਸਮਾਜ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਕੀਤੀ ਤੇ ਆਪਣੀ ਖੋਜ ਰਾਹੀਂ ਪੰਜਾਬ ਰਾਜ ਦੇ ਪੇਂਡੂ ਲੋਕਾਂ ਦੇ ਆਪਸੀ ਸਬੰਧਾਂ ਅਤੇ ਰੋਜ਼ਾਨਾ ਜੀਵਨ 'ਤੇ ਟੈਲੀਵਿਜ਼ਨ ਦੇ ਪਏ ਡੂੰਘੇ ਪ੍ਰਭਾਵਾਂ ਨੂੰ ਉਜਾਗਰ ਕੀਤਾ ।ਉਹਨਾਂ ਦੱਸਿਆ ਕਿ ਆਮ ਲੋਕਾਂ ਦੀ ਕਿਸੇ ਪ੍ਰਤੀ ਰਾਏ ਬਣਾਉਣ ਵਿਚ ਟੈਲੀਵਿਜ਼ਨ ਦੇ ਕੰਟੈਂਟ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ।

ਇਸੇ ਦੌਰਾਨ ਡਾ. ਜਸਮੀਨ ਕੌਰ ਨੇ ਆਪਣੀ ਖੋਜ ਪ੍ਰੋ. ਜੇ.ਐੱਸ. ਪਸਰੀਚਾ, ਪ੍ਰੋਫੈਸਰ ਕਾਮਰਸ ਵਿਭਾਗ ਪੰਜਾਬੀ ਯੂਨਵਰਸਿਟੀ ਪਟਿਆਲਾ ਅਧੀਨ ਕੀਤੀ। ਡਾ. ਜਸਮੀਨ ਕੌਰ ਨੇ ਸਰਕਾਰ ਦੁਆਰਾ ਪੰਜਾਬ ਵਿੱਚ ਈ-ਗਵਰਨੈਂਸ ਸੋਸਾਇਟੀ ਅਧੀਨ ਸ਼ੁਰੂ ਕੀਤੇ ਸੇਵਾ ਕੇਂਦਰਾਂ ਦੇ ਹਾਲ ਨੂੰ ਬਿਆਨ ਕੀਤਾ। ਉਹਨਾਂ ਦੱਸਿਆ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸੇਵਾ ਕੇਂਦਰ, ਸਰਕਾਰ ਦੁਆਰਾ ਲੋਕ ਸੇਵਾ ਦੇ ਹਿਤ ਲਈ ਸ਼ੁਰੂ ਕੀਤੇ ਗਏ ਪ੍ਰੰਤੂ ਹਾਲ ਦੀ ਘੜੀ ਇਹ ਕਈ ਖਾਮੀਆਂ ਨਾਲ ਜੂਝ ਰਹੇ ਹਨ। ਇਸ ਖੋਜ ਰਾਹੀਂ ਡਾ ਜਸਮੀਨ ਵੱਲੋਂ ਇਹਨਾਂ ਸੇਵਾ ਕੇਂਦਰਾਂ ਦਾ ਵਣਜ ਦੇ ਪੱਖ ਤੋਂ ਮੁਲਾਂਕਣ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਮਨਦੀਪ ਸਿੰਘ ਰੰਗੜ-ਨੰਗਲ ਦੀ ਅਗਵਾਈ 'ਚ ਕਿਸਾਨਾਂ ਵਲੋਂ ਵੱਡੀ ਗਿਣਤੀ 'ਚ ਟਰੈਕਟਰ ਮਾਰਚ ਕੱਢਿਆ



**ਚੌਂਕ ਮਹਿਤਾ,29 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਕਾਂਗਰਸ ਹਾਈਕਮਾਂਡ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਇੰਚਾਰਜ ਮਨਦੀਪ ਸਿੰਘ ਰੰਗੜ-ਨੰਗਲ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਕਿਸਾਨਾਂ ਵਲੋਂ ਬਟਾਲਾ - ਮਹਿਤਾ ਰੋਡ ਆਦੋਵਾਲੀ ਪੁਲ ਤੋਂ ਅੱਡਾ ਅੰਮੋਨੰਗਲ ਤੱਕ ਟਰੈਕਟਰ ਮਾਰਚ ਕੱਢਿਆ 'ਤੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਮਨਦੀਪ ਸਿੰਘ ਰੰਗੜ-ਨੰਗਲ ਨੇ ਕਿਹਾ ਕਾਂਗਰਸ ਪਾਰਟੀ ਕਿਸਾਨਾਂ ਨਾਲ ਚੱਟਾਨ ਵਾਂਗ ਖੜ੍ਹੀ ਹੈ ਅਤੇ ਹਮੇਸ਼ਾ ਰਹੇਗੀ। ਇਸ ਮੌਕੇ ਸਾਬਕਾ ਚੇਅਰਮੈਨ ਸਾਹਿਬ ਸਿੰਘ ਮੰਡ ਨੇ ਕਿਹਾ ਕਿ ਅੱਜ ਦਾ ਜੋ ਰੋਸ ਮਾਰਚ ਕੱਢਿਆ ਗਿਆ ਹੈ, ਇਹ ਮੋਦੀ ਸਰਕਾਰ ਦੀਆਂ ਧੱਕੇਸ਼ਾਹੀਆ ਦੇ ਵਿਰੋਧ ਵਿਚ ਕੀਤਾ ਗਿਆ ਹੈ। ਇਸ ਮੌਕੇ ਮਨਦੀਪ ਸਿੰਘ ਰੰਗੜ-ਨੰਗਲ ਹਲਕਾ ਇੰਚਾਰਜ ਸ੍ਰੀ ਹਰਗੋਬਿੰਦਪੁਰ ਸਾਹਿਬ, ਸਾਹਿਬ ਸਿੰਘ ਮੰਡ, ਲੱਖਵਿੰਦਰ ਸਿੰਘ ਢੰਡੇ ਬਲਾਕ ਪ੍ਰਧਾਨ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ, ਬਚਿੱਤਰ ਸਿੰਘ ਜਾਲੀਆਂ ਕੋਆਰਡੀਨੇਟਰ, ਨਿਰਮਲ ਸਿੰਘ ਬੂੜੇਨੰਗਲ, ਹਰਚਰਨ ਸਿੰਘ ਆਦੋਵਾਲੀ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਕਾਂਗਰਸ ਕਮੇਟੀ ਗੁਰਦਾਸਪੁਰ , ਰਣਜੀਤ ਸਿੰਘ ਵੈਰੋਨੰਗਲ ਮੰਡਲ ਪ੍ਰਧਾਨ, ਨੱਛਤਰ ਸਿੰਘ ਪ੍ਰਧਾਨ, ਸਰਪੰਚ ਮੋਹਣ ਸਿੰਘ ਪੱਡਾ, ਬਲਾਕ ਪ੍ਰਧਾਨ ਕਸ਼ਮੀਰ ਸਿੰਘ ਨੱਤ, ਸਰਪੰਚ ਗਿਆਨ ਸਿੰਘ ਜਾਲੀਆਂ, ਸਰਪੰਚ ਮਲਕੀਤ ਸਿੰਘ ਨਾਨਕ ਨੰਗਲ, ਸਰਪੰਚ ਮੁਖਤਾਰ ਸਿੰਘ, ਤਰਸੇਮ ਸਿੰਘ, ਜਗਜੀਤ ਸਿੰਘ ਅੰਮੋਨੰਗਲ, ਨਿਰਮਲ ਸਿੰਘ, ਗੁਰਦੀਪ ਸਿੰਘ ਬੂੜੇਨੰਗਲ, ਪਰਮਜੀਤ ਸਿੰਘ ਬਾਜਵਾ, ਗੁਰਜੀਤ ਸਿੰਘ ਚੀਮਾ,ਜਸਬੀਰ ਸਿੰਘ ਫੌਜੀ, ਸਾਹਿਬ ਸਿੰਘ ਫੌਜੀ,ਹਰਪਾਲ ਸਿੰਘ ਰੰਗੜ ਨੰਗਲ, ਬਲਵਿੰਦਰ ਸਿੰਘ ਚੀਮਾ ਤੋਂ ਇਲਾਵਾ ਉਘੇ ਕਿਸਾਨਾਂ ਸਾਬਕਾ ਏ.ਆਈ.ਜੀ . ਬਲਦੇਵ ਸਿੰਘ ਰੰਗੜ ਨੰਗਲ, ਹਰਪਾਲ ਸਿੰਘ ਰੰਗੜ ਨੰਗਲ, ਕੈਪਟਨ ਨਰਿੰਦਰ ਸਿੰਘ ਨਸੀਰਪੁਰ, ਸਰਬਜੀਤ ਸਿੰਘ, ਬੁੱਧ ਸਿੰਘ ਅੰਮੋਨੰਗਲ,ਸਾਬੂ ਅੰਮੋਨੰਗਲ,ਡਾ: ਸੁਰਿੰਦਰ ਸਿੰਘ ਭਾਟੀਆ, ਜਥੇ: ਸਤਨਾਮ ਸਿੰਘ ਖਰਾਸੀਆ ਪੁਰੀਆ, ਗੁਰਦੇਵ ਸਿੰਘ ਜਾਹਦਪੁਰ, ਤਰਸੇਮ ਸਿੰਘ, ਜਸਪਾਲ ਸਿੰਘ, ਲਵ ਗਿੱਲ , ਹਰਪ੍ਰੀਤ ਸਿੰਘ, ਹੁਸਨਪ੍ਰੀਤ ਸਿੰਘ, ਸਮੇਤ ਵੱਡੀ ਗਿਣਤੀ 'ਚ ਇਲਾਕੇ ਦੇ ਕਿਸਾਨ ਸ਼ਾਮਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਇੰਟਰਨੈਸ਼ਨਲ ਪੰਥਕ ਦਲ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਭਾਈ ਸਤਨਾਮ ਸਿੰਘ ਦੇ ਸਤਿਕਾਰਯੋਗ ਮਾਤਾ ਜੋਗਿੰਦਰ ਕੌਰ ਜੀ ਦਾ ਪੰਥਕ ਮਰਿਆਦਾ ਅਨੁਸਾਰ ਅੰਤਿਮ ਸਸਕਾਰ

## ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਤੇ ਸਮੂਹ ਜਥੇਬੰਦੀ ਵੱਲੋਂ ਦੁੱਖ ਦਾ ਪ੍ਰਗਟਾਵਾ











**ਸ੍ਰੀ ਅੰਮ੍ਰਿਤਸਰ ਸਾਹਿਬ (ਜਗਮੀਤ ਸਿੰਘ ਬਾਠ)**-ਇੰਟਰਨੈਸ਼ਨਲ ਪੰਥਕ ਦਲ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕਿਸਾਨ ਵਿੰਗ ਦੇ ਜਿਲ੍ਹਾ ਪ੍ਰਧਾਨ ਭਾਈ ਸਤਨਾਮ ਸਿੰਘ ਦੇ ਸਤਿਕਾਰਯੋਗ ਮਾਤਾ ਜੋਗਿੰਦਰ ਕੌਰ ਜੀ ਪ੍ਰਮਾਤਮਾ ਵੱਲੋਂ ਬਖਸੀ ਸਵਾਸਾਂ ਰੂਪੀ ਪੂੰਜੀ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਹਨ ਮਾਤਾ ਜੋਗਿੰਦਰ ਕੌਰ ਜੀ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਨੇ ਕਿਹਾ ਕਿ ਅਸੀਂ ਵਾਹਿਗੁਰੂ ਦੇ ਹੁਕਮ ਨਾਲ ਇਸ ਸੰਸਾਰ ਤੇ ਆਉਦੇ ਹਾਂ ਅਤੇ ਵਾਹਿਗੁਰੂ ਦੇ ਹੁਕਮ ਨਾਲ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਚਲੇ ਜਾਂਦੇ ਹਾਂ ਜਥੇਬੰਦੀ ਵਲੋਂ ਸੰਤ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਾ ਚੀਫ ਐਡਵਾਈਜ਼ਰ ਇੰਟਰਨੈਸ਼ਨਲ ਪੰਥਕ ਦਲ ਅਤੇ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਜਨਰਲ ਸਕੱਤਰ ਪੰਜਾਬ ਸਮੇਤ ਹੋਰ ਸਿੰਘਾਂ ਨੇ ਅੰਤਿਮ ਸੰਸਕਾਰ ਸਮੇਂ ਹਾਜਰੀ ਭਰੀ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਆਲ ਇੰਡੀਆ ਕਨਵੀਨਰ ਜਥੇਦਾਰ ਦਲੀਪ ਸਿੰਘ ਚਕਰ, ਜਥੇਦਾਰ ਹਰਚੰਦ ਸਿੰਘ ਚਕਰ ਪੰਜਾਬ ਪ੍ਰਧਾਨ ,ਬਾਬਾ ਸਤਨਾਮ ਸਿੰਘ ਵੱਲੀਆ ਪੰਜਾਬ ਪ੍ਰਧਾਨ ਧਾਰਮਿਕ ਵਿੰਗ, ਭਾਈ ਕਿਰਪਾ ਸਿੰਘ ਨੱਥੂਵਾਲਾ ਪੰਜਾਬ ਪ੍ਰਧਾਨ ਕਿਸਾਨ ਵਿੰਗ, ਭਾਈ ਜਗਤਾਰ ਸਿੰਘ ਰੋਡੇ ਮੈਬਰ ਐਸ. ਜੀ. ਪੀ. ਸੀ., ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ, ਬਾਬਾ ਨਛੱਤਰ ਸਿੰਘ ਭੈਣੀ ਮੱਸਾ ਸਿੰਘ ਪ੍ਰਧਾਨ ਅਸਟਰੀਆ, ਬਾਬਾ ਸਵਰਨਜੀਤ ਸਿੰਘ ਨਹਿੰਗ ਸਿੰਘ ਪੈਨਲ ਮੈਂਬਰ, ਭਾਈ ਜਗਸੀਰ ਸਿੰਘ ਰੋਡੇ ਮੀਤ ਪ੍ਰਧਾਨ ਪੰਜਾਬ ਅਤੇ ਬਾਬਾ ਜਗਿੰਦਰ ਸਿੰਘ ਫਿਰੋਜ਼ਪੁਰ ਮੀਤ ਪ੍ਰਧਾਨ ਧਾਰਮਿਕ ਵਿੰਗ ਪੰਜਾਬ ਸਮੇਤ ਹੋਰ ਜਿਲ੍ਹਾ ਪ੍ਰਧਾਨਾਂ ਅਤੇ ਹੋਰ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਵਾਹਿਗੁਰੂ ਅੱਗੇ ਅਰਦਾਸ ਬੇਨਤੀ ਕੀਤੀ ਕਿ ਮਾਤਾ ਜੋਗਿੰਦਰ ਕੌਰ ਜੀ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਇਸ ਮੌਕੇ ਤੇ ਜਥੇਦਾਰ ਦਲੀਪ ਸਿੰਘ ਚਕਰ ਕਨਵੀਨਰ ਆਲ ਇੰਡੀਆ ਨੇ ਕਿਹਾ ਕਿ ਜਥੇਬੰਦੀ ਇੱਕ ਪਰਿਵਾਰ ਹੁੰਦਾ ਦੁੱਖ -ਸੁੱਖ ਵਿੱਚ ਸ਼ਾਮਲ ਹੋਣਾ ਹਰੇਕ ਮੈਂਬਰ ਦਾ ਫਰਜ ਹੁੰਦਾ ਕੋਈ ਅਹਿਸਾਨ ਨਹੀਂ।

# ਇੰਟਰਨੈਸ਼ਨਲ ਪੰਥਕ ਦਲ ਦੇ ਸਮੂਹ ਆਗੂਆਂ ਵੱਲੋਂ ਡੀਸੀ ਸੰਦੀਪ ਕੁਮਾਰ ਦਾ ਕੀਤਾ ਗਿਆ ਸਨਮਾਨਿਤ



ਤਰਨਤਾਰਨ, (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ)-ਇੰਟਰਨੈਸ਼ਨਲ ਪੰਥਕ ਦਲ ਦੇ ਸਮੂਹ ਆਗੂ ਸਾਹਿਬਾਨਾਂ ਵੱਲੋਂ ਜਿਲਾ ਤਰਨ ਤਾਰਨ ਵਿੱਚ ਬਹੁਤ ਵਧੀਆ ਸੇਵਾਵਾਂ ਨਿਭਾਉਣ ਬਦਲੇ ਡੀਸੀ ਸੰਦੀਪ ਕੁਮਾਰ ਦਾ ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਅਤੇ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਵੱਲੋਂ ਸਨਮਾਨਿਤ ਕੀਤਾ ਗਿਆ। ਡੀਸੀ ਸੰਦੀਪ ਕੁਮਾਰ ਵੱਲੋ ਜਥੇਬੰਦੀ ਦੇ ਸਮੂਹ ਆਗੂਆਂ ਦਾ ਸਨਮਾਨ ਕੀਤਾ ਗਿਆ ਅਤੇ ਜੀ ਆਇਆ ਕਿਹਾ। ਇਸ ਮੌਕੇ ਭਾਈ ਗੁਰਭੇਜ ਸਿੰਘ ਜੀ ਭੈਣੀ ਮਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨ ਤਾਰਨ,ਬਾਬਾ ਗੁਰਮੁੱਖ ਸਿੰਘ ਜੀ ਤਰਨਤਾਰਨ, ਸ੍ਰ ਜਗਮੀਤ ਸਿੰਘ ਪੀਏ ਐਮ ਐਲ ਏ ਸਰਵਨ ਸਿੰਘ ਧੁੰਨ ਹਾਜ਼ਰ ਸਨ।

(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)




# ਖ਼ੂਨਦਾਨ ਕਰਕੇ ਬਚਾਈਆਂ ਜਾ ਸਕਦੀਆਂ ਹਨ ਕੀਮਤੀ ਜਾਨਾਂ - ਡਿੰਪੀ ਚੌਹਾਨ



**ਚੌਕ ਮਹਿਤਾ 29 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਈਲੋਹਿਮ ਚਰਚ ਆਫ ਗੌਡ ਜਹਾਜ਼ਗੜ੍ਹ ਅੰਮ੍ਰਿਤਸਰ ਦੀ ਤਰਫੋਂ ਪ੍ਰਧਾਨ ਡੈਨੀਅਲ ਦੀਪਕ ਵੱਲੋਂ ਜਹਾਜ਼ਗੜ੍ਹ ਵਿਖੇ ਤੀਜਾ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਦਾ ਉਦਘਾਟਨ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਦੀ ਤਰਫੋਂ ਆਮ ਆਦਮੀ ਪਾਰਟੀ ਦੇ ਆਗੂ ਅਸ਼ੋਕ ਡਿੰਪੀ ਚੌਹਾਨ ਨੇ ਕੀਤਾ। ਡਿੰਪੀ ਚੌਹਾਨ ਅਤੇ ਉਨ੍ਹਾਂ ਦੇ ਨਾਲ ਆਏ ਦੋਸਤਾਂ ਦਾ ਚਰਚ ਕਮੇਟੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਸੰਬੋਧਨ ਕਰਦਿਆਂ ਡਿੰਪੀ ਚੌਹਾਨ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਨ ਦਾਨ ਹੈ, ਖ਼ੂਨਦਾਨ ਕਰਕੇ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਖ਼ੂਨਦਾਨ ਕਰਨਾ ਅਤੇ ਦਾਨ ਕੈਂਪ ਲਗਾਉਣਾ ਹੀ ਮਨੁੱਖਤਾ ਦੀ ਸੱਚੀ ਸੇਵਾ ਹੈ! ਉਨ੍ਹਾਂ ਕਿਹਾ ਕਿ ਚਰਚ ਆਫ਼ ਗੌਡ ਵੱਲੋਂ ਕੀਤੇ ਜਾ ਰਹੇ ਕਾਰਜ ਸਮਾਜ ਸੇਵਾ ਵਿੱਚ ਬਹੁਤ ਵਧੀਆ ਯੋਗਦਾਨ ਪਾ ਰਹੇ ਹਨ! ਡਿੰਪੀ ਚੌਹਾਨ ਨੇ ਕਿਹਾ ਕਿ ਉਹ ਚਰਚ ਆਫ਼ ਗੌਡ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦੇ ਹਨ! ਇਸ ਮੌਕੇ ਉਨ੍ਹਾਂ ਨਾਲ ਰਣਜੀਤ ਸਿੰਘ ਰਾਣਾ ਕੈਨੇਡਾ, ਗੁਰਜੀਤ ਸਿੰਘ ਰਾਣਾ, ਅਮਨਦੀਪ ਸਮੇਤ ਸੈਂਕੜੋ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਸੱਚਖੰਡ ਵਾਸੀ ਸੰਤ ਬਾਬਾ ਪ੍ਰਤਾਪ ਸਿੰਘ ਜੀ ਦੇ ਸਪੁਤਨੀ ਅਤੇ ਬਾਬਾ ਸਾਧੂ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਗੁਰਚਰਨ ਕੌਰ ਦੇ ਅਕਾਲ ਚਲਾਣੇ ਤੇ ਫੈਲੀ ਰੋਸ ਦੀ ਲਹਿਰ



ਫ਼ਿਰੋਜ਼ਪੁਰ, 29 ਫਰਵਰੀ (ਮਨੋਹਰ ਲਾਲ) :— ਸੱਚ ਖੰਡ ਵਾਸੀ ਸੰਤ ਬਾਬਾ ਪ੍ਰਤਾਪ ਸਿੰਘ ਜੀ ਦੇ ਸਪੁਤਨੀ ਅਤੇ ਬਾਬਾ ਸਾਧੂ ਸਿੰਘ ਜੀ ਲੰਗੇਆਣਾ ਦੇ ਸਤਿਕਾਰਯੋਗ ਮਾਤਾ ਗੁਰਚਰਨ ਕੌਰ ਜੀ ਬੀਤੇ ਦਿਨ 28 ਫਰਵਰੀ ਦਿਨ ਬੁੱਧਵਾਰ ਨੂੰ ਅਚਾਨਕ ਅਕਾਲ ਚਲਾਣਾ ਕਰ ਗਏ, ਜਿਨ੍ਹਾਂ ਦਾ ਅੰਤਿਮ ਸੰਸਕਾਰ ਅੱਜ 29 ਫਰਵਰੀ ਦਿਨ ਵੀਰਵਾਰ ਨੂੰ ਨਮ ਅੱਖਾਂ ਨਾਲ ਕੀਤਾ ਗਿਆ। ਇਸ ਮੌਕੇ ਤੇ ਭਾਰੀ ਗਿਣਤੀ ਵਿਚ ਸੰਤ ਮਹਾਂਪੁਰਸ਼ਾਂ, ਧਾਰਮਿਕ ਆਗੂਆਂ, ਰਾਜਨੀਤਕ ਆਗੂਆਂ, ਪੱਤਰਕਾਰਾਂ, ਵਕੀਲ, ਪਾਠੀ ਸਿੰਘਾਂ, ਗ੍ਰੰਥੀ ਸਾਹਿਬਾਨ ਸਮੇਤ ਭਾਰੀ ਗਿਣਤੀ ਵਿਚ ਸੰਗਤਾਂ ਪਿੰਡ ਲੰਗੇਆਣਾ ਵਿਖੇ ਹਾਜ਼ਰ ਸਨ। ਜਿਥੇ ਹਾਜ਼ਰੀਨ ਨੇ ਮਾਤਾ ਗੁਰਚਰਨ ਕੌਰ ਨੂੰ ਅੰਤਿਮ ਵਿਦਾਇਗੀ ਦਿੱਤੀ ਅਤੇ ਬਾਬਾ ਸਾਧੂ ਸਿੰਘ ਜੀ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਵਾਹਿਗੁਰੂ ਦੇ ਚਰਨਾਂ ਵਿਚ ਵਿਛੜੀ ਰੂਹ ਦ ਆਤਮਿਕ ਸ਼ਾਂਤੀ ਦੀ ਅਰਦਾਸ ਬੇਨਤੀ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਲੱਖੋਕੇ ਬਹਿਰਾਮ ਵਿਖੇ ਜੈਨੇਸਿਸ ਡੈਂਟਲ ਕਾਲਜ ਨੇ ਲਾਇਆ ਚੈਕਅਪ ਕੈਂਪ



ਫ਼ਿਰੋਜ਼ਪੁਰ, 29 ਫਰਵਰੀ (ਮਨੋਹਰ ਲਾਲ) :— ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ ਲੱਖੋਕੇ ਬਹਿਰਾਮ ਵਿਖੇ ਦੰਦਾਂ ਦੀ ਜਾਂਚ ਦਾ ਕੈਂਪ ਲਗਾਇਆ ਗਿਆ। ਇਸ ਮੌਕੇ ਡਾ: ਆਸੀਆ ਗੁਲ, ਡਾ: ਪਰਬਰਾ ਅਤੇ ਡਾ: ਸਮ੍ਰਿਤੀ ਨੇ ਪਹੁੰਚ ਕੇ ਆਏ ਮਰੀਜ਼ਾਂ ਦੇ ਦੰਦਾਂ ਦਾ ਚੈਕਅਪ ਕਰਦਿਆਂ ਹਾਜ਼ਰੀਨ ਨੂੰ ਦੰਦਾਂ ਦੀ ਸਾਂਭ—ਸੰਭਾਲ ਸਬੰਧੀ ਨੁਕਤੇ ਸਾਂਝੇ ਕੀਤੇ। ਪਿੰਡ ਲੱਖੋਕੇ ਬਹਿਰਾਮ ਵਿਖੇ ਲਗਾਏ ਉਕਤ ਡੈਂਟਲ ਚੈਕਅਪ ਕੈਂਪ ਦਾ ਆਯੋਜਨ ਸਵਰਨ ਸਿੰਘ ਹੁੰਦਲ ਵੱਲੋਂ ਕੀਤਾ ਗਿਆ, ਜਦੋਂ ਕਿ ਡਾ: ਆਸੀਆ ਗੁੱਲ, ਡਾ: ਪਰਬਰਾ ਅਤੇ ਡਾ: ਸਮ੍ਰਿਤੀ ਦੀ ਟੀਮ ਨੇ ਮਰੀਜਾਂ ਦਾ ਚੈਕਅਪ ਕਰਦਿਆਂ ਲੋਕਾਂ ਨੂੰ ਦੰਦਾਂ ਦੀਆਂ ਬਿਮਾਰੀਆਂ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਪੇਟ ਵਿਚ ਜਾਣ ਵਾਲੀ ਹਰ ਵਸਤੂ ਦੰਦਾਂ ਵਿਚੋਂ ਹੋ ਕੇ ਨਿਕਲਦੀ ਹੈ, ਜਿਸ ਕਰਕੇ ਦੰਦਾਂ ਦਾ ਤੰਦਰੁਸਤ ਹੋਣਾ ਅਤਿ ਜ਼ਰੂਰੀ ਹੈ ਤਾਂ ਜੋ ਮਨੁੱਖ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਤੋਂ ਮੁਕਤ ਰਹਿ ਸਕੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਜਿਆਦਾਤਰ ਮਰੀਜ ਦੰਦਾਂ ਦੀ ਸੜਨ ਅਤੇ ਦੰਦਾਂ ਦੀ ਸਮੱਸਿਆ ਤੋਂ ਪੀੜਤ ਪਾਏ ਗਏ, ਜਿਨ੍ਹਾਂ ਦਾ ਚੈਕਅਪ ਕਰਕੇ ਦਵਾਈਆਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਹਰ ਮਨੁੱਖ ਨੂੰ ਦਿਨ ਵਿਚ ਦੋ ਵਾਰ ਬੁਰਸ਼ ਕਰਨਾ ਚਾਹੀਦਾ ਹੈ। ਇਸ ਮੌਕੇ ਪੀ.ਆਰ.ਓ ਰਣਜੀਤ ਸਿੰਘ, ਮਨਜੀਤ ਸਿੰਘ ਆਦਿ ਕਾਲਜ ਦੀ ਟੀਮ ਹਾਜ਼ਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

# ਅਸ਼ਵਨੀ ਕੁਮਾਰ ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਸਰਕਲ ਫ਼ਿਰੋਜ਼ਪੁਰ ਦੇ ਪ੍ਰਧਾਨ ਨੂੰ ਸਦਮਾ—ਪਿਤਾ ਰਾਮ ਨਾਥ ਸੈਣੀ ਕਰ ਗਏ ਅਕਾਲ ਚਲਾਣਾ

ਫ਼ਿਰੋਜ਼ਪੁਰ, 29 ਫਰਵਰੀ (ਮਨੋਹਰ ਲਾਲ) :— ਅਸ਼.ਵਨੀ ਕੁਮਾਰ ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਫ਼ਿਰੋਜ਼ਪੁਰ ਸਰਕਲ ਦੇ ਪ੍ਰਧਾਨ ਨੂੰ ਉਸ ਵੇਲੇ ਗਹਿਰਾ ਸਦਕਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਰਾਮ ਨਾਥ ਸੈਣੀ ਜੋ ਕਿ 26 ਫਰਵਰੀ 2024 ਨੂੰ ਅਕਾਲ ਚਲਾਣਾ ਕਰ ਗਏ। ਸ੍ਰੀ ਰਾਮ ਨਾਥ ਸੈਣੀ ਆਪਣੀ ਜਿੰਦਗੀ ਦੀਆਂ 88 ਕੁ ਬਹਾਰਾ ਵੇਖ ਕੇ ਸਦਾ—ਸਦਾ ਲਈ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਸ੍ਰੀ ਰਾਮ ਨਾਥ ਸੈਣੀ ਆਪਣੇ ਪਿਛੇ ਧਰਮ ਪਤਨੀ ਕੁੰਤੀ ਦੇਵੀ, ਸਪੁੱਤਰ ਅਸ਼ਵਨੀ ਕੁਮਾਰ ਸੈਣੀ, ਨਰੇਸ਼ ਕੁਮਾਰ ਸੈਣੀ, ਲੜਕੀ ਸ਼ਕੂੰਤਲਾ ਦੇਵੀ ਅਤੇ ਉਰਮਲਾ ਦੇਵੀ ਜਿਸ ਦੀ ਪਿਛੇ ਜਿਹੇ ਮੌਤ ਹੋ ਗਈ ਸੀ। ਇਸ ਮੌਕੇ ਤੇ ਵੱਖ—ਵੱਖ ਆਗੂਆਂ, ਧਾਰਮਿਕ ਜਥੇਬੰਦੀਆਂ, ਰਾਜਨੀਤਕ ਪਾਰਟੀਆਂ ਦੇ ਆਗੂਆਂ, ਮੁਲਾਜ਼ਮ ਆਗੂਆਂ, ਪੱਤਰਕਾਰ, ਵਕਲਾਂ ਨੇ ਸ੍ਰੀ ਅਸ਼ਵਨੀ ਕੁਮਾਰ ਸੈਣੀ ਅਤੇ ਨਰੇਸ਼ ਕੁਮਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਵਾਹਿਗੁਰੂ ਪਰਮਾਤਮਾ ਅੱਗੇ ਬੇਨਤੀ ਕੀਤੀ ਕਿ ਸ੍ਰੀ ਰਾਮ ਨਾਥ ਸੈਣੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਿਛੇ ਪਰਿਵਾਰ, ਰਿਸ਼ਤੇਦਾਰ, ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਉਨ੍ਹਾਂ ਦੀ ਆਤਮਾ ਦੀ ਸ਼ਾਤੀ ਲਈ ਰੱਖੇ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਉਨ੍ਹਾਂ ਦੇ ਜੱਦੀ ਪਿੰਡ ਡੋਡਵਾਲ ਨੇੜੇ ਦੀਨਾਨਗਰ ਜ਼ਿਲ੍ਹਾ ਗੁਰਦਾਸਪੁਰ ਵਿਖੇ ਪਾਇਆ ਜਾਵੇਗਾ।



ਆਵਾਜ਼ਿ ਕੌਮ AWAZE QAUM International Newspaper & WEB TV

# ਜਨਮ ਦਿਨ ਮੁਬਾਰਕ



**ਸਮਰੀਤ ਕੌਰ, ਪਿਤਾ ਵਿਕਰਮਜੀਤ ਸਿੰਘ, ਮਾਤਾ ਕਵਲਦੀਪ ਕੌਰ ਪੋਤਰੀ ਜਥੇਦਾਰ ਹਰਗੋਪਾਲ ਸਿੰਘ ਵਾਸੀ ਚੌਕ ਮਹਿਤਾ ਦੇ ਜਨਮਦਿਨ ਦੀਆਂ ਲੱਖ-ਲੱਖ ਵਧਾਈਆਂ।**

ਆਵਾਜ਼ਿ ਕੌਮ AWAZE QAUM International Newspaper & WEB TV